ਜਾ ਕਉ ਹਰਿ ਰੰਗ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


ਮਾਸਕ ੧੯ ਪੱਤਰ

ਵਾਹਿਗੁਰੂ ਜੀ ਕੀ ਫ਼ਤਹ॥


# ਸੂਰਾ

ਪਟਿਆਲਾ


ਜਿਥੈ ਬਾਬਾ ਪੈਰ ਧਰੈ ਪੂਜਾ ਆਸਣੁ ਥਾਪਣਿ ਸੋਆ ।
ਸਿਧ ਆਸਣਿ ਸਭਿ ਜਗਤ ਦੇ ਨਾਨਕ ਆਦਿ ਮਤੇ ਜੇ ਕੋਆ ।


ਨਵੰਬਰ ੧੯੬੯

NOVEMBE[R] 1969

ਗੁਰਦਵਾਰਾ ਸਾਹਿਬ ਨਾਨਕ ਮਤਾ

www.AKJ.Org

# ☩ ਲੇਖ-ਸੂਚੀ ☩


| ਨੰ: | ਲੇਖ | ਪੰਨਾ | ਲੇਖਕ |
|---|---|---|---|
| ੧ | ਬਾਬੇ ਦੀ ਦੇਸ਼ ਭਗਤੀ | ੪ | ਸੰਪਾਦਕ |
| ੨ | ਸਾਬਤ ਸੂਰਤ ਦਸਤਾਰ ਸਿਰਾ | ੬ | ਭਾਈ ਦੇਵਾ ਸਿੰਘ ਜੀ ਕਿਰਤੀ ਅੰਮ੍ਰਿਤਸਰ |
| ੩ | ਸੁਣਿਐ ਦੀਆਂ ਪਉੜੀਆਂ ਦੀ ਵਿਆਖਿਆ | ੭ | ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ |
| ੪ | ਸਤਿਗੁਰ ਨਾਨਕ ਪ੍ਰਗਟਿਆ | ੧੨ | ਬੀਬੀ ਕੁਲਦੀਪ ਕੌਰ ਜੀ, ਪੰ: ਯੂਨੀਵਰਸਟੀ, ਪਟਿਆਲਾ। |
| ੫ | ਨਾਨਕ ਕੈ ਘਰਿ ਕੇਵਲ ਨਾਮੁ | ੧੬ | ਭਾ: ਜਗਤਾਰ ਸਿੰਘ ਜੀ ਰੇਲਵੇ ਗਾਰਡ, ਕੋਟਾ |
| ੬ | ਗੁਰੂ ਨਾਨਕ ਦੀ ਨਿਮਰਤਾ | ੧੯ | ਸ੍ਰ: ਤਾਰਾ ਸਿੰਘ ਜੀ ਕਪੂਰਥਲਾ |
| ੭ | ਨਾਨਕੁ ਸਾਇਰੁ ਏਵ ਕਹਤੁ ਹੈ | ੨੩ | ਕਾਕਾ ਸਤਿਨਾਮ ਸਿੰਘ ਜੀ ਲੁਧਿਆਣਾ |
| ੮ | ਨਾਨਕ ਕੈ ਘਰਿ ਕੇਵਲ ਨਾਮੁ | ੨੯ | ਪ੍ਰੋ: ਗੁਰਮੁਖ ਸਿੰਘ ਜੀ ਟਾਂਡਾ ਉੜਮੁੜ |
| ੯ | ਗੁਰ ਨਾਨਕ ਕੀ ਵਡਿਆਈ | ੩੬ | ਸ: ਸੇਵਾ ਸਿੰਘ ਜੀ 'ਸੇਵਕ' ਤਰਨਤਾਰਨ |
| ੧੦ | ਗੁਰੂ ਨਾਨਕ—ਇਕ ਉਚ ਵਿਅਕਤਿਤਵ | ੪੦ | ਭਾ: ਬਲਵੰਤ ਸਿੰਘ ਜੀ 'ਨੂਰ' ਡੇਹਰਾਦੂਨ |


*-*-*-*-*-*-*-*-*-*-*-*-*-*-*-*-*-*-*-*-*-*-*-*-*

# ਦਾਨੀ ਸਜਣਾਂ ਵਲੋਂ ਸਹਾਇਤਾ

## ਸੂਰਾ ਪਰੈਸ

| | |
|---|---|
| ਭਾ: ਮਾਨ ਸਿੰਘ ਸੁਰਜੀਤ ਸਿੰਘ ਮਥਰਾ | 30 |
| ਭਾ: ਪਿਆਰਾ ਸਿੰਘ ਭਕੂਮਾਜਰਾ | 20 |
| ਸ: ਜਰਨੈਲ ਸਿੰਘ | 5 |
| ਭਾ: ਸ਼ਮਸ਼ੇਰ ਸਿੰਘ | 5 |
| ਸੰਗਤ ਬੰਬਈ ਰਾਹੀਂ ਭਾ: ਕੇਹਰਜੀਤ ਸਿੰਘ | 182 |
| ਗੁਰੂ ਕੀ ਗੋਲਕ ਵਿਚੋਂ ਰਾਹੀਂ ਭਾ: ਇੰਦਰ ਸਿੰਘ ਜੀ ਸ਼ਿਮਲਾ | 101 |
| ਖਾਲਸਾ ਬੂਟ ਹਾਊਸ, ਸ਼ਿਮਲਾ | 21 |

## ਮਾਸਕ ਪੱਤਰ ਸੂਰਾ

| | |
|---|---|
| ਭਾ: ਮਸਤਾ ਸਿੰਘ ਜੀ, ਡਰਬੀ ਯੂ.ਕ. | 71 |
| ਭਾ: ਮੋਹਨ ਸਿੰਘ ਜੀ, ਬਾਰਾਮੂਲਾ | 11 |
| ਭਾ: ਦੇਵਿੰਦਰ ਸਿੰਘ ਜੀ | 3 |
| ਭਾ: ਬਿਹਾਰਾ ਸਿੰਘ ਜੀ | 3 |
| ਭਾ: ਹਰਬੰਸ ਸਿੰਘ ਜੀ ਕਾਕਾ ਇੰਦਰਜੀਤ ਸਿੰਘ ਦੀ ਯਾਦ ਵਿਚ (ਜੈਪੁਰ) | 15 |
| ਬਾਬੂ ਚਮਨ ਲਾਲ ਜੀ ਦਿਲੀ | 5 |

## 'ਸੂਰਾ' ਦਾ ਸਾਲਾਨਾ ਚੰਦਾ

ਦੇਸ—7 ਰੁਪਏ　　ਪ੍ਰਦੇਸ—12 ਰੁਪਏ ਸਮੁੰਦਰੀ ਡਾਕ

ਪ੍ਰਦੇਸ—36 ਰੁਪਏ ਹਵਾਈ ਡਾਕ　　ਲਾਈਫ ਮੈਂਬਰ—250 ਰੁਪਏ

www.AKJ.Org

ਪ੍ਰਤੀ ਕਾਪੀ 70 ਪੈਸੇ

## ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥




# ਗੁਰਮਤਿ ਪਰਚਾਰਕ ਮਾਸਕ ਪੱਤਰ


'ਸੂਰਾ' ਪਟਿਆਲਾ ਵਿਦਿਆ ਵਿਭਾਗ ਪੰਜਾਬ ਵਲੋਂ ਕਾਲਜਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਲਈ
ਚਿਠੀ ਨੰ: 3/70-68-4-(ਅ.ਪ.) ਮਿਤੀ 17-10-68 ਨੂੰ ਪ੍ਰਵਾਨ ਕੀਤਾ ਗਿਆ।

ਜਿਲਦ ਨੰ: ੪ ] ਕੱਤਕ-ਮਾਘ ੫੦੦ ਨਾਨਕ ਸ਼ਾਹੀ [ ਅੰਕ ੧੦


ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ ॥
ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ ॥
ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ ॥
ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ ॥
ਤਿਨ ਦੁਖੁ ਨ ਕਬਹੁ ਉਤਰੈ ਸੇ ਜਮ ਕੈ ਵਸਿ ਪੜੀਆਹ ॥
ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ ॥
ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ ॥
ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ ॥
ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ ॥

(ਬਾਰਹਮਾਹ ਮਾਝ ਮ: ੫ ਘਰੁ ੪)


ਮੁਖ ਸੰਪਾਦਕ :
ਪਿਆਰਾ ਸਿੰਘ


## ਗੁਰੂ ਨਾਨਕ—ਅੰਕ ਨਵੰਬਰ ੧੯੬੯



ਆਨਰੇਰੀ ਸੰਪਾਦਕ :
ਮਨੋਹਰ ਸਿੰਘ



ਸੂਰਾ ਪ੍ਰਿੰਟਿੰਗ ਪ੍ਰੈਸ, ਰਾਘੋ ਮਾਜਰਾ, ਪਟਿਆਲਾ ਤੋਂ ਅਖੰਡ ਕੀਰਤਨੀ ਜਥਾ, ਪਟਿਆਆਲਾ ਲਈ ਮਨੋਹਰ ਸਿੰਘ ਐਡੀਟਰ, ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾ ਕੇ ਦਫਤਰ "ਸੂਰਾ" ਰਾਘੋਮਾਜਰਾ, ਪਟਿਆਲਾ ਤੋਂ 5 ਨਵੰਬਰ 1969 ਨੂੰ ਪ੍ਰਕਾਸ਼ਤ ਕੀਤਾ।



www.AKJ.Org




# ਬਾਬੇ ਦੀ ਦੇਸ਼-ਭਗਤੀ

ਬਾਬਾ ਨਾਨਕ ਜਿਥੇ ਸ਼ਬਦ ਦਾ ਪੁਜਾਰੀ ਸੀ, ਸਹੁ ਦਾ ਦੀਵਾਨਾ ਸੀ, ਉਥੇ ਸੱਚਾ ਦੇਸ਼-ਭਗਤ ਵੀ ਸੀ।

ਬਾਬਾ ਜੀ ਨੇ ਵੇਖਿਆ ਕਿ ਪ੍ਰਭੂ ਦੇ ਪ੍ਰੇਮ ਤੇ ਸ਼ੁਕਰ ਤੋਂ ਬਿਨਾਂ ਸਾਡੀ ਸਭਿਆਚਾਰ ਤੇ ਸਭਿਅਤਾ, ਸਲੀਲਾ ਤੇ ਵਰਤੋਂ ਵਿਹਾਰ ਇਕ ਵਿਖਾਵਾ ਬਣ ਕੇ ਹੀ ਰਹਿ ਜਾਂਦੀ ਹੈ ਇਸ ਲਈ ਧਰਮ ਵਿਹੂਣੀ ਜਨਤਾ ਨੂੰ ਸਮਾਜਕ, ਸਦਾਚਾਰਕ ਤੇ ਸਭਿਆਚਾਰਕ ਪੱਖ ਤੋਂ ਉੱਚਾ ਚੁਕਣ ਲਈ ਗੁਰੂ ਬਾਬੇ ਨੇ ਗੁਰੂ ਤੇ ਬਾਣੀ ਤੇ ਪ੍ਰਭੂ ਸਿਮਰਨ ਦੀ ਜੁਗਤ ਦ੍ਰਿੜਾਈ ਤੇ ਇਉਂ ਲੋਕਾਂ ਦੀ ਸੁੱਤੀ ਆਤਮਾਂ ਨੂੰ ਜਗਾ ਕੇ ਨੇਕ ਤੇ ਪਵਿਤਰ ਬਣਨ ਦਾ ਆਦਰਸ਼ ਸਾਹਮਣੇ ਰਖਿਆ। ਇਉਂ ਵਾਹਿਗੁਰੂ ਦੇ ਪ੍ਰੇਮ ਰਾਹੀਂ ਰੱਬੀ ਗੁਣਾਂ ਨਾਲ ਭਰਪੂਰ ਮਨੁਖ ਕਲਪਨਾਂ ਤੇ ਤਿਆਰ ਕਰਨਾ ਗੁਰੂ ਬਾਬੇ ਦੀ ਪਵਿਤਰ ਦੇਸ਼-ਭਗਤੀ ਸੀ।

ਬਾਬੇ ਨਾਨਕ ਨੇ ਇਕ ਸੱਚੇ ਲੋਕ ਤਿਹੈਸ਼ੀ ਵੈਦ ਵਾਂਗ ਵਖ ਵਖ ਤਰ੍ਹਾਂ ਦੇ ਰੋਗੀਆਂ ਨੂੰ ਵਖ ਵਖ ਪੁੜੀਆਂ ਦੇਕੇ ਰਾਜੀ ਕੀਤਾ। ਜਿਵੇਂ:-

੧. ਹੰਕਾਰੀ ਮਨੁਖਾਂ ਤੇ ਇਸਤਰੀਆਂ ਨੂੰ ਨੀਵਾਂ ਸਮਝਣ ਵਾਲਿਆਂ ਨੂੰ ਤਾੜਿਆ—

ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥

੨. ਵਿਦਿਆ ਦੇ ਹੰਕਾਰੀਆਂ ਨੂੰ ਇਉਂ ਸਮਝਾਇਆ—

ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥

੩. ਬਹੁਤੇ ਪੜ੍ਹਾਕੂਆਂ ਨੂੰ ਇਹ ਔਗਣ ਛਡਣ ਲਈ ਕਿਹਾ—

ਪੜਿਆ ਮੂਰਖਿ ਆਖੀਐ,
ਜਿਸ ਲਬੁ ਲੋਭੁ ਅਹੰਕਾਰ ॥

੪. ਤੇ ਕਰਮ ਕਾਂਡ ਦੇ ਹੰਕਾਰੀਆਂ ਨੂੰ ਸੁਣਾਇਆ—

ਅੰਨ ਨ ਖਾਇਆ ਸਾਦੁ ਗਵਾਇਆ ॥
ਬਸਤ੍ਰ ਨ ਪਹਿਰੈ ਅਹਿਨਿਸ ਕਹਰੈ ॥
ਰਹੈ ਬੇਬਾਣੀ ਮੜੀ ਮਸਾਣੀ ॥
ਅੰਧੁ ਨ ਜਾਣੈ ਫਿਰਿ ਪਛਤਾਣੀ ॥

ਜੀਵਨ ਵਿਚ ਸੌਂਦਰਯ ਭਾਵਨਾ ਕਾਇਮ ਰਖਣ ਲਈ ਸੰਗੀਤ ਤੇ ਕਵਿਤਾ ਖ਼ਾਸ ਮਹਾਨਤਾ ਰਖਦੀਆਂ ਹਨ। ਪੁਰਾਤਨ ਸੰਗੀਤ ਤੇ ਪੁਰਾਤਨ ਕਾਵਿ ਨੂੰ ਸਾਂਭਣਾ ਤੇ ਇਨ੍ਹਾਂ ਦੇ ਵਿਕਾਸ ਲਈ ਸਾਰਾ ਜੀਵਨ ਲਾਉਣਾ ਗੁਰੂ ਬਾਬੇ ਦੀ ਮਹਾਨ ਦੇਸ਼-ਭਗਤੀ ਹੈ। ਗੁਰੂ ਜੀ ਦਾ ਰਾਗ, ਬਾਣੀ ਨੂੰ ਘਰ ਘਰ ਪੁਚਾਉਣਾ ਮਹਾਨ ਦੇਸ਼ ਭਗਤੀ ਹੈ।

ਸਚਮੁਚ ਬਾਬਾ ਨਾਨਕ ਜਿਥੇ ਅਕਾਲ ਦਾ ਪੁਜਾਰੀ ਸੀ, ਉਥੇ ਦੇਸ਼, ਕੌਮ ਦੀ ਸਭਿਅਤਾ ਦਾ ਰਖਿਅਕ ਹੋਣ ਕਰਕੇ ਸੱਚਾ ਦੇਸ਼ ਭਗਤ ਵੀ ਸੀ।


www.AKJ.Org

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਸਾਲਾ ਪ੍ਰਕਾਸ਼ ਉਤਸ਼ਵ ਦੇ ਸਬੰਧ ਵਿ

# ਅਦੁਤੀ ਤੇ ਅਲੌਕਿਕ ਕੀਰਤਨ ਸਮਾਗਮ ਜਾਲੰਧਰ

ਸਤਿਗੁਰੂ ਜੀ ਦੀ ਅਪਾਰ ਮੇਹਰ ਸਦਕਾ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪੰਜ ਸੌ ਸਾਲ ਪ੍ਰਕਾਸ਼ ਉਤਸ਼ਵ ਦੇ ਸਬੰਧ ਵਿਚ ਵਿਸ਼ੇਸ਼ ਪ੍ਰੋਗਰਾਮ ਬਣਾਇਆ ਗਿਆ ਹੈ, ਲਗਾਤਾਰ ਅਠ ਦਿਨ ਅਖੰਡ ਕੀਰਤਨ ਦਾ ਅਤੁਟ ਪ੍ਰਵਾਹ ਚਲੇਗਾ, ਇਸ ਮਹਾਨ ਉਤਸ਼ਵ ਵਿਚ ਦੇਸ਼ ਭਰ ਦੇ ਕੋਨੇ ਕੋਨੇ ਤੋਂ ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸੰਮੂਹ ਸਾਥੀ ਕੀਰਤਨੀ ਜਥੇ ਪੁਜ ਰਹੇ ਹਨ, ਆਪ ਜੀਉ ਸਹਿਤ ਪ੍ਰਵਾਰਾਂ ਅਤੇ ਸਤਿਸੰਗੀਆਂ ਦੇ ਹੁਮਾ ਹੁਮਾ ਕੇ ਪਵਿਤਰ ਦੀਦਾਰੇ ਆਇ ਬਖ਼ਸ਼ੋ ਤੇ ਸਤਿਸੰਗਤ ਵਿਚ ਲੀਨ ਹੋ ਕੇ ਅਰਸ਼ੀ ਬਾਣੀ ਦੀਆਂ ਕੀਰਤਨ ਧੁਨਾਂ ਵਿਚ ਜੋੜਨ ਲਈ ਸਹਾਇਤਾ ਬਖ਼ਸ਼ੋ ਜੀ।

ਦਿਲੀ, ਪਟਿਆਲਾ, ਲੁਧਿਆਣਾ, ਤਲਵਾੜਾ, ਚੰਡੀਗੜ, ਨੰਗਲ ਦੇ ਕੀਰਤਨੀ ਜਥਿਆਂ ਦੇ ਪੁਜਣ ਦੀ ਪ੍ਰਵਾਨਗੀ ਆ ਚੁਕੀ ਹੈ।

ਪੁਛ ਗਿੱਛ ਲਈ—

(੧) ਸੁੰਦਰ ਸਿੰਘ (ਮਾਸਟਰ) W.G. 438 ਗੁਰੂ ਨਾਨਕ ਪੁਰਾ,
ਨਕੋਦਰ ਰੋਡ, ਜਾਲੰਧਰ।

(੨) ਸੰਤੋਖ ਸਿੰਘ, ਪੰਜਾਬ ਸਿੰਧ ਬੈਂਕ, ਰੇਲਵੇ ਰੋਡ, ਜਾਲੰਧਰ।

—ਆਪ ਦੇ ਦਰਸ਼ਨ ਅਭਿਲਾਸ਼ੀ—
ਨਿਰਬਾਣ ਕੀਰਤਨੀ ਜਥਾ,
ਜਾਲੰਧਰ।

## * ਕੀਰਤਨ ਪ੍ਰੋਗਰਾਮ *

ਗੁਰਦਵਾਰਾ ਮਾਡਲ ਟਾਊਨ ਜਾਲੰਧਰ
੧੬-੧੧-੬੯ ਐਤਵਾਰ ਤੋਂ ੧੮-੧੧-੬੯ ਤਕ

ਅੰਮ੍ਰਿਤ ਵੇਲੇ—੫ ਵਜੇ ਤੋਂ ੧੨ ਵਜੇ ਤਕ ਸ੍ਰੀ ਆਸਾ ਦੀ ਵਾਰ ਤੇ ਅਖੰਡ ਕੀਰਤਨ।

ਸ਼ਾਮ—੬ ਵਜੇ ਤੋਂ ੮ ਵਜੇ ਤਕ ਅਖੰਡ ਕੀਰਤਨ।

ਸੁਲਤਾਨਪੁਰ ਗੁਰਦਵਾਰਾ ਬੇਰ ਸਾਹਿਬ
੧੯-੧੧-੬੯ ਬੁਧਵਾਰ

ਅੰਮ੍ਰਿਤ ਵੇਲੇ—੫ ਵਜੇ ਤੋਂ ਸ਼ਾਮ ਦੇ ੫ ਵਜੇ ਤਕ ਸ੍ਰੀ ਆਸਾ ਦੀ ਵਾਰ ਤੇ ਅਖੰਡ ਕੀਰਤਨ।

ਲਾਇਲਪੁਰ ਖਾਲਸਾ ਹਾਇਰ ਸੈਕੰਡਰੀ ਸਕੂਲ
ਨਵੀਂ ਬਿਲਡਿੰਗ ਨਕੋਦਰ ਰੋਡ, ਜਾਲੰਧਰ
੨੦-੧੧-੬੯ ਵੀਰਵਾਰ

ਅੰਮ੍ਰਿਤ ਵੇਲੇ—੫ ਵਜੇ ਤੋਂ ੧੧ ਵਜੇ ਤਕ ਸ੍ਰੀ ਆਸਾ ਦੀ ਵਾਰ ਤੇ ਅਖੰਡ ਕੀਰਤਨ।

ਸ਼ਾਮ—੬ ਵਜੇ ਤੋਂ ੮ ਵਜੇ ਤਕ ਅਖੰਡ ਕੀਰਤਨ।

ਅੰਮ੍ਰਿਤ ਵੇਲੇ—੪ ਵਜੇ ਤੋਂ ੬-੩੦ ਵਜੇ ਤਕ ਆਸਾ ਦੀ ਵਾਰ ਉਪ੍ਰੰਤ ਪ੍ਰਾਰੰਭ ਸ੍ਰੀ ਅਖੰਡ ਪਾਠ।

ਸਵੇਰੇ—੭ ਵਜੇ ਤੋਂ ੧੧ ਵਜੇ ਤਕ ਅਖੰਡ ਕੀਰਤਨ।

ਸ਼ਾਮ—੬ ਵਜੇ ਤੋਂ ੮ ਵਜੇ ਤਕ ਅਖੰਡ ਕੀਰਤਨ।

੨੨-੧੧-੬੯ ਸ਼ਨਿਚਰਵਾਰ

ਅੰਮ੍ਰਿਤ ਵੇਲੇ—੫ ਵਜੇ ਤੋਂ ੧੧ ਵਜੇ ਤਕ ਸ੍ਰੀ ਆਸਾ ਦੀ ਵਾਰ ਤੇ ਅਖੰਡ ਕੀਰਤਨ।

ਸ਼ਾਮ—੬ ਵਜੇ ਤੋਂ ੮ ਵਜੇ ਤਕ ਅਖੰਡ ਕੀਰਤਨ।

੨੩-੧੧-੬੯ ਐਤਵਾਰ

ਅੰਮ੍ਰਿਤ ਵੇਲੇ—੫ ਵਜੇ ਸਮਾਪਤੀ ਸ੍ਰੀ ਅਖੰਡ ਪਾਠ ਉਪ੍ਰੰਤ ਸ੍ਰੀ ਆਸਾ ਦੀ ਵਾਰ ਤੇ ਅਖੰਡ ਕੀਰਤਨ ੧੨ ਵਜੇ ਤਕ।

ਰਾਤ—੮ ਵਜੇ ਤੋਂ ਅੰਮ੍ਰਿਤ ਵੇਲੇ ੮ ਵਜੇ ਤਕ ਰੈਣ ਸਬਾਈ ਕੀਰਤਨ।

ਨੋਟ:—ਬਾਹਰੋਂ ਆਈਆਂ ਸੰਗਤਾਂ ਦੇ ਉਤਾਰੇ ਦਾ ਪ੍ਰਬੰਧ, ਲਾਇਲਪੁਰ ਖਾਲਸਾ ਹਾਇਰ ਸੈਕੰਡਰੀ ਸਕੂਲ ਦੀ ਨਵੀਂ ਬਿਲਡਿੰਗ ਨਕੋਦਰ ਰੋਡ ਜਾਲੰਧਰ ਵਿਖੇ ਹੋਵੇਗਾ। ਆਉਣ ਵਾਲੀਆਂ ਸੰਗਤਾਂ ਬਿਸਤਰੇ ਲੋੜ ਅਨੁਸਾਰ ਨਾਲ ਲਿਆਉਣ ਦੀ ਕ੍ਰਿਪਾਲਤਾ ਕਰਨ।

www.AKJ.Org

# ☬ ਸਾਬਤ ਸੂਰਤ ਦਸਤਾਰ ਸਿਰਾ ☬

( ਵਲੋਂ–ਭਾਈ ਦੇਵਾ ਸਿੰਘ ਜੀ 'ਕਿਰਤੀ' ਅੰਮ੍ਰਿਤਸਰ )

ਕਈ ਵਾਰ ਚੰਗੇ ਚੰਗੇ ਬੰਦੇ ਵੀ ਏਸੇ ਭੁਲੇਖੇ ਵਿਚ ਪੈ ਜਾਂਦੇ ਹਨ ਜੋ ਖਾਲਸਾ ਪੰਥ ਸਾਜਨ ਵਾਲੇ ਮਹਾਰਾਜ ਕਲਗੀਧਰ ਜੀ ਨੇ ਹੀ ਵਖਰਾ ਸਰੂਪ ਦਿਤਾ ਹੈ ਖਾਲਸੇ ਨੂੰ, ਪਰ ਏਸ ਨੂੰ ਜ਼ਰਾ ਵਿਚਾਰ ਨਾਲ ਵੇਖਿਆ ਜਾਏ ਤਾਂ ਏਹ ਸਰੂਪ ਆਦਿ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਹੀ ਚਿਤਰ ਦਿਤਾ ਸੀ ਤੇ ਉਸੇ ਚਿਤਰ ਨੂੰ ਮੂਰਤੀਮਾਨ ਕਰਨ ਵਾਲੇ ਬਾਕੀ ਗੁਰਦੇਵ ਪੂਰਾ ਕਰਦੇ ਰਹੇ ਤੇ ਅਖੀਰ ਪੂਰਨ ਮਨੁਖ ਖਾਲਸੇ ਦੇ ਰੂਪ ਵਿਚ ਖੰਡੇ ਦੀ ਪੋਹਲ ਨਾਲ–

ਆਪੇ ਗੁਰ ਚੇਲਾ ਹੋ ਪਰਗਟਿਆ।

ਆਉ ਏਸ ਚਿਤਰ ਨੂੰ ਆਦ ਗੁਰੂ ਜੀ ਦੀ ਬਾਣੀ ਵਿਚੋਂ ਵੇਖੀਏ ਕਿਸ ਤਰਾਂ ਵਰਣਨ ਕੀਤਾ ਹੈ–

ਜਾਕਉ ਮਿਹਰ ਮਿਹਰ ਮਿਹਰਵਾਨਾ ॥
ਸੋਈ ਮਰਦੁ ਮਰਦੁ ਮਰਦਾਨਾ ॥

ਉਹ ਕਿਹੋ ਜਿਹਾ ਮਰਦ ਬਣਨਾ ਹੈ ਅਪਨੇ ਆਪ ਨੂੰ ਤਾ ਸਾਰੇ ਹੀ ਮਰਦ ਸਮਝਦੇ ਹਨ। ਪਰ ਗੁਰਦੇਵ ਜੀ ਨੇ ਮਰਦ ਦੀ ਸਿਫਤ ਏਸ ਤਰਾਂ ਕੀਤੀ ਹੈ–

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥

ਐਸੇ ਮਰਦ ਦੀ ਸਿਫਤ ਨਸ਼ਾਨੀ ਕੀ ਹੈ–

ਸਾਬਤ ਸੂਰਤਿ ਦਸਤਾਰ ਸਿਰਾ ॥

ਤੇ ਨਾਲ ਹੀ ਸ਼ਰਤ ਲਾ ਦਿਤੀ ਨੰਗੀ ਤਲਵਾਰ ਫੜਕੇ ਸਿਰ ਮੰਗਨ ਤੋਂ ਪੈਹਲਾਂ ਏਹ ਵੰਗਾਰ ਵੀ ਘਟ ਤਾਂ ਨਹੀਂ ਸੀ ਹੁਣ ਵੇਖਣਾ ਹੈ ਆਦ ਗੁਰਦੇਵ ਨੇ ਕਿਸ ਤਰਾਂ ਸਾਬਤ ਸੂਰਤ ਜਟਾ ਜੂਟ ਹੋਣ ਦੀ ਤਾਕੀਦ ਕੀਤੀ ਹੈ ਤੇ ਏਹੋ ਰੂਪ ਜਦੋਂ ਖਾਲਸਾ ਬਣ ਪਰਗਟਿਆ ਤਾਂ ਪੈਹਲਾ ਏਹ ਹੁਕਮ ਹੋਇਆ–

ਖਾਲਸਾ ਮੇਰੋ ਰੂਪ ਹੈ ਖਾਸ ॥
ਖਾਲਸੇ ਮਹਿ ਹੌ ਕਰੋ ਨਿਵਾਸ ॥

ਏਥੇ ਹੀ ਬਸ ਨਹੀਂ ਸਗੋਂ–

ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸਾ ਦੇਵ ॥
ਪ੍ਰਭ ਮਹਿ ਮੋ ਮਹਿ ਤਾਸ ਮਹਿ ਰੰਚਨ ਨਾਹਨ ਭੇਵ ॥
(ਸ੍ਰਬਲੋਹ)

ਪ੍ਰਭੂ ਪਰਮੇਸ਼ਰ ਦਾ ਰੂਪ ਦਰਸਾ ਦਿਤਾ ਤੇ ਸਚ ਮੁਚ ਕੇਸਵ, ਕੇਸਾਂ ਵਾਲੇ ਈਸ਼ਵਰ ਨਾਲ ਇਕ ਮਿਕ ਕਰ ਦਿਤਾ।

# ਅਖੰਡ ਕੀਰਤਨੀ ਜਥਾ ਬੁਲੋਹਵਾਲ ਵਲੋਂ ਕੀਰਤਨ ਸਮਾਗਮ

ਇਹ ਬੜੀ ਖੁਸ਼ੀ ਦੀ ਗਲ ਹੈ ਕਿ ਅਜ ਸਾਰੀ ਦੁਨੀਆਂ ਮਿਲ ਕੇ ਗੁਰੂ ਨਾਨਕ ਦੇਵ ਜੀ ਦੇ ਪੰਜ ਸੋ ਸਾਲਾ ਪ੍ਰਕਾਸ਼ ਉਤਸ਼ਵ ਮਨਾਏ ਜਾਣ ਵਿਚ ਦਿਲਚਸਪੀ ਲੈ ਰਹੀ ਹੈ। ਅਗੱਸਤ ਮਹੀਨੇ ਤੋਂ ਅਖੰਡ ਕੀਰਤਨੀ ਜਥਾ ਬੁਲਹੋਵਾਲ ਸਤਿਗੁਰੂ ਜੀ ਦੇ ਪੰਜ ਸੌ ਸਾਲਾ ਪ੍ਰਕਾਸ਼ ਉਤਸਵ ਦੇ ਸਬੰਧ ਵਿਚ ਹੇਠ ਲਿਖਿਆ ਪ੍ਰੋਗਰਾਮ ਕੀਰਤਨ ਰੈਣ ਸਬਾਈਆਂ ਨਿਭਾਇਆ ਜਾ ਰਿਹਾ ਹੈ ਹੁਣ ਪੰਜਵੀਂ ਰੈਣ ਸਬਾਈ ਦਾ ਪ੍ਰੋਗਰਾਮ ਬਾਕੀ ਹੈ ਅਖੰਡ ਕੀਰਤਨੀ ਜਥਿਆਂ ਨੂੰ ਸੂਚਤ ਕੀਤਾ ਜਾਂਦਾ ਹੈ ਕਿ ਉਹ ਵੱਧ ਤੋਂ ਵੱਧ ਪ੍ਰੋਗਰਾਮ ਅਨੁਸਾਰ ਸਮਾਗਮ ਵਿਚ ਸ਼ਾਮਲ ਹੋ ਕੇ ਕੀਰਤਨੀ ਅਗੱਮੀ ਰਸ ਨੂੰ ਵਧਾਉਣ।

(੧) ਰੈਣ ਸਬਾਈ ਬੁਲਹੋਵਾਲ ਸ੍ਰ: ਮੋਹਨ ਸਿੰਘ ਜੀ ਦੇ ਅਸਥਾਨ ਤੇ 2.8.69
(੨) ਰੈਣ ਸਬਾਈ ਬੁਲਹੋਵਾਲ ਸ੍ਰ: ਰੱਖਾ ਸਿੰਘ ਕਪੜੇ ਵਾਲੇ ਦੇ ਅਸਥਾਨ ਤੇ 30.8.69
(੩) ਰੈਣ ਸਬਾਈ ਫਤੇਵਾਲ ਸ੍ਰ: ਜਗਤ ਸਿੰਘ 'ਜਗਤ' ਹੋਰਾਂ ਦੇ ਘਰ ਤੇ 27.9.69
(੪) ਰੈਣ ਸਬਾਈ ਧਾਮੀਆਂ ਸ੍ਰ: ਕਰਮ ਸਿੰਘ ਜੀ ਦੇ ਘਰ ਤੇ 25.10.69
(੫) ਰੈਣ ਸਬਾਈ ਆਲੋਵਾਲ ਸ੍ਰ: ਅਮਰ ਸਿੰਘ ਹੋਰਾਂ ਦੇ ਘਰ ਹੋਵੇਗੀ ਦੂਰੋਂ ਨੇੜਿਉਂ ਸੰਗਤਾਂ 8.11.69 ਨੂੰ ਇਸ ਪ੍ਰੋਗਰਾਮ ਤੇ ਦਰਸ਼ਨ ਦੇਣ।

www.AKJ.Org

## ਜਪੁਜੀ ਸਾਹਿਬ ਦੀਆਂ

# ਸੁਣਿਐ ਦੀਆਂ ਪਉੜੀਆਂ ਦੀ ਵਿਆਖਿਆ

(ਗੁਰਪੁਰਵਾਸੀ ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ)

ਹੁਣ ਜਪੁਜੀ ਸਾਹਿਬ ਦੀਆਂ 'ਸੁਣਿਐ' ਤੇ 'ਮੰਨੇ' ਦੀਆਂ ਪਉੜੀਆਂ ਦੀ ਵਯਾਖਯਾ ਕੀਤੀ ਜਾਂਦੀ ਹੈ:–

ਸੁਣਿਐ ਸਿਧ ਪੀਰ ਸੁਰਿ ਨਾਥ ॥
ਸੁਣਿਐ ਧਰਤ ਧਵਲ ਆਕਾਸ ॥
ਸੁਣਿਐ ਦੀਪ ਲੋਅ ਪਾਤਾਲ ॥
ਸੁਣਿਐ ਪੋਹਿ ਨ ਸਕੈ ਕਾਲੁ ॥
ਨਾਨਕ ਭਗਤਾ ਸਦਾ ਵਿਗਾਸੁ ॥
ਸੁਣਿਐ ਦੂਖ ਪਾਪ ਕਾ ਨਾਸੁ ॥੮॥

ਵਯਾਖਯਾ–ਨਾਮ ਗੁਰਮੰਤ੍ਰ ਰੂਪੀ ਗੁਰਦੀਖਿਆ ਦੇ ਸੁਣਨ ਕਰਕੇ, ਅਤੇ ਸ਼ਬਦ ਸੁਰਤ ਦੀ ਕਮਾਈ ਦੁਆਰਾ ਨਾਮ ਨੂੰ ਸਦਾ ਸੁਣਦੇ ਰਹਿਣ ਕਰ ਕੇ, ਨਾਮ ਸਰੋਤੇ ਦੇ ਪਿਛੇ ਰਿਧੀਆਂ ਸਿਧੀਆਂ ਸੁਤੇ ਸਹਿਜ ਹੀ ਲਗੀਆਂ ਫਿਰਦੀਆਂ ਹਨ। ਜੈਸਾ ਕਿ :–

'ਨਾਇ ਸੁਣਿਐ ਸਭ ਸਿਧਿ ਹੈ ਰਿਧਿ ਪਿਛੈ ਆਵੈ'

ਵਾਲੀ ਸਾਰੰਗ ਦੀ ਵਾਰ ਵਾਲੀ ਸਤਵੀਂ ਪਉੜੀ ਦੇ ਭਾਵ ਤੋਂ ਸਿਧ ਹੈ, ਅਤੇ ਪੀਰਾਂ ਦੀਆਂ ਭੀ ਨਾਮ ਸਰੋਤੇ ਸੁਰਤੇ ਦੇ ਚੁਪ ਚੁਪਾਤੇ ਹੀ ਪੈਰ ਚੁੰਮਦੀਆਂ ਹਨ, ਦੇਵਤਿਆਂ ਨਾਥਾਂ ਵਾਲੇ ਸ਼ੁਭ ਗੁਣ ਭੀ ਸੁਤੇ ਸਿਧ ਹੀ ਨਾਮ ਸਰੋਤੇ ਸੁਰਤੇ ਨੂੰ ਆਣ ਪ੍ਰਾਪਤ ਹੁੰਦੇ ਹਨ, ਤਾਂਤੇ ਕੇਵਲ ਨਾਮ ਸਰੋਤੇ ਸੁਰਤੇ ਹੀ ਤਤ ਵਾਸਤਵੀ ਸਚੇ ਪੀਰ, ਸੁਰ ਨਾਥ ਹਨ, ਨਾਮ ਸਰੋਤੇ, ਸੁਰਤੇ ਅਭਿਆਸੀ ਜਨਾਂ ਤੋਂ ਬਿਨਾਂ ਹੋਰ ਸਭ ਕੂੜਾਵੇ ਸਿਧ, ਪੀਰ ਸੁਰ, ਨਾਥ ਹਨ।

ਨਾਮ ਗੁਰਮੰਤ੍ਰ ਗੁਰਦੀਖਿਆ ਦੇ ਸੁਣਨ ਕਰਕੇ ਨਾਮ ਸਰੋਤਿਆਂ, ਸੁਰਤਿਆਂ ਨੂੰ ਅਣਗਿਣਤ ਧਰਤੀਆਂ ਤੇ ਧਰਤੀਆਂ ਦੀਆਂ ਉਦਕਰਖਣੀ, ਥੰਮਣ ਸ਼ਕਤੀਆਂ ਅਤੇ ਅਗਿਣਤ ਆਕਾਸ ਅਤੇ ਬੇਅੰਤ ਦੀਪਾਂ ਲੋਆਂ, ਪਾਤਾਲਾਂ ਦਾ ਬੇਓਕੜਾ ਦਿਬ ਦ੍ਰਿਸਟੀ ਉਘਾੜ ਵਿਗਾਸ ਹੋ ਜਾਂਦਾ ਹੈ।

ਨਾਮ ਦੇ ਸੁਨਣ ਕਰਕੇ ਨਾਮ ਸੁਰਤੇ ਸਰੋਤਿਆਂ ਨੂੰ ਕਾਲ ਨਹੀਂ ਪੋਹ ਸਕਦਾ, ਅਕਾਲਪੁਰਖ ਦੇ ਪਾਰਸ ਰਸਾਇਣੀ ਅਕਲ ਕਲਾ ਸਪੰਨ ਕਾਲ ਰਹਿਤ ਅਕਾਲ ਨਾਮ ਸੁਰਤ ਅਭਿਆਸ-ਸਰੋਤਿਆਂ ਦੇ ਨੇੜੇ ਕਾਲੁ, ਕਾਲ ਰੂਪ ਹੋਕੇ ਨਹੀਂ ਆਉਂਦਾ। ਨਾਮ ਸੁਰਤਿਆਂ ਨੂੰ ਮਰਨ ਕਾਲ ਦਾ ਤ੍ਰਾਸ ਹੀ ਨਹੀਂ ਉਪਜਦਾ, ਨਾ ਹੀ ਕਾਲ ਦੁਖਦਾਈ ਭਾਸਦਾ ਹੈ। ਮਰਨ ਕਾਲ ਦਾ ਦੁਖ ਦਰਦ ਪੋਹੰਦਾ ਹੀ ਨਹੀਂ, ਜੈਸਾ ਕਿ ਚੁਰਾਸੀ ਦੇ ਜੀਵਾਂ ਨੂੰ ਪੋਹੰਦਾ ਹੈ। ਚੁਰਾਸੀ ਦੇ ਜੀਵਾਂ ਨੂੰ ਤਾਂ ਇਹ ਮਰਨ ਕਾਲ ਦਾ ਤ੍ਰਾਸ ਅੱਤ ਭਿਆਨਕ ਰੂਪ ਭਾਸਦਾ ਹੈ। ਨਾਮ ਸੁਰਤੇ ਸਰੋਤੇ ਅਭਿਆਸੀ ਜਨ ਬਹੁੜਿ ਚੁਰਾਸੀ ਦੇ ਗੇੜ ਵਿਚ ਪੈਂਦੇ ਹੀ ਨਹੀਂ–

'ਏਕਹਿ ਆਵਨਿ ਫਿਰਿ ਜੋਨਿ ਨ ਆਇਆ ॥



www.AKJ.org

ਨਾਨਕ ਹਰਿ ਕੈ ਦਰਸਿ ਸਮਾਇਆ ॥'
(ਗਉੜੀ ਬਾਵਨ ਅਖਰੀ ਮਹਲਾ ੫)

ਵਾਲੀ ਅਮਰ ਅਕਾਲ ਅਵਸਥਾ ਨੂੰ ਜਾ ਪਰਾਪਤ ਹੁੰਦੇ ਹਨ। ਗੁਰੂ ਨਾਨਕ ਸਾਹਿਬ ਦੁਆਰਾ ਆਈ ਏਹ ਧੁਰ ਕੀ ਅਕਾਲੀ ਬਾਣੀ ਆਖਦੀ ਹੈ ਕਿ ਨਾਮ ਦੀ ਸ਼ਕਤੀ ਵਾਲੀ ਭਗਤਿ ਕਮਾਈ ਵਾਲੇ ਭਗਤਾਂ ਨੂੰ ਸਦਾ ਹੀ ਇਨਕਸ਼ਾਫੀ ਵਿਗਾਸ ਰਹਿੰਦਾ ਹੈ ਅਤੇ ਇਸ ਆਤਮ ਉਘਾੜ ਵਾਲੀ ਸਦ-ਜੋਤਿ ਵਿਗਾਸੀ ਸੁਰਤ ਅਸਥਿਰਤਾ ਦੇ ਪ੍ਰਭਾਵ ਕਰਕੇ ਨਾਮ ਸੁਰਿਤ ਵਿਗਾਸੀ ਜੋਤਿ ਪ੍ਰਕਾਸ਼ੀ ਅਭਿਆਸੀ ਜਨਾਂ ਦੇ ਸਾਰੇ ਦੁਖਾਂ ਤੇ ਪਾਪਾਂ ਦਾ ਨਾਸ ਹੋ ਜਾਂਦਾ ਹੈ।

ਸੁਣਿਐ ਈਸਰੁ ਬਰਮਾ ਇੰਦੁ ॥
ਸੁਣਿਐ ਮੁਖ ਸਾਲਾਹਣ ਮੰਦੁ ॥
ਸੁਣਿਐ ਜੋਗ ਜੁਗਤ ਤਨਿ ਭੇਦ ॥
ਸੁਣਿਐ ਸਾਸਤ ਸਿਮ੍ਰਿਤ ਵੇਦ ॥
ਨਾਨਕ ਭਗਤਾ ਸਦਾ ਵਿਗਾਸੁ ॥
ਸੁਣਿਐ ਦੂਖ ਪਾਪ ਕਾ ਨਾਸੁ ॥ ੯ ॥

ਵਿਆਖਿਆ–ਨਾਮ ਗੁਰਮੰਤ੍ਰ ਗੁਰਦੀਖਿਆ ਦੇ ਸੁਣਨ ਅਤੇ ਸੁਣਕੇ ਸਿਮਰਨ, ਸਰਵਣਨ, ਲਿਵ ਉਨਮਨਣ ਕਰਕੇ ਸਬਦ-ਸੁਰਤਿਆਂ ਨੂੰ ਮਾਣਸੋਂ ਦੇਵਤੇ ਹੋਣ ਦਾ ਦੇਵਾਨ ਦੇਵ ਸਰਬੋਤਮੀ ਪਦਵੀ ਪ੍ਰਾਪਤ ਹੁੰਦੀ ਹੈ। ਤੱਤ ਵਾਸਤਵੀ ਸੁਰੇਸ਼ਰੀ ਸਤਿ ਮਹੱਤਤਾ ਵਾਲੇ ਈਸ਼ਰ ਬਰਮਾ ਇੰਦ, ਨਾਮ-ਸੁਰਤੇ ਅਭਿਆਸੀ ਗੁਰ ਸਿਖ ਜਨ ਹੀ ਕਰ ਸਕਦੇ ਹਨ। ਹਿੰਦਵੈਣ ਦੇ ਮੰਨੇ ਪ੍ਰਮੰਨੇ ਦੇਵਤੇ ਈਸਰ, ਬਰਹਮਾ, ਇੰਦ੍ਰ ਏਸ ਸਰਬ ਸ੍ਰੇਸ਼ਟ ਸਰਬੋਤਮ ਦੇਵ ਪਦ ਦੇ ਲਵੇ ਨਹੀਂ ਲਗ ਸਕਦੇ। ਐਸੀ ਹੈ, ਨਾਮ ਸਰਵਣਨ ਗੁਰਦੀਖਿਆ ਦੀ ਸਬਦ ਸੁਰਿਤ ਅਭਿਆਸ ਕਮਾਈ ਦੀ ਬਰਕਤ। ਨਾਮ ਗੁਰਦੀਖਿਆ ਦੀ ਪਾਰਸ ਰਸਾਇਣੀ ਸ੍ਰਵਣ ਕਲਾ ਕਰਕੇ ਹੀ ਮੁਖਾਰਬਿੰਦ ਦੁਆਰਾ ਸੁੰਦਰ ਸੁਹਾਵਣਾ ਤਤ ਗੁਰ-ਮਤੀ ਅੱਤ ਸਰੇਸ਼ਟ ਸਿਮਰਨ ਸਾਲਾਹਣ ਹੁੰਦਾ ਹੈ ਅਤੇ ਸਹਜ ਸੁਭਾਵ ਹੀ ਹੋਇ ਆਵੰਦਾ ਹੈ, ਏਹ–

'ਸੁਣਿਐ ਮੁਖਿ ਸਾਲਾਹਣ ਮੰਦੁ'

ਪੰਗਤੀ ਵੀ ਤੱਤ ਵਖਿਆਨਵੀ ਵਾਸਤਵ ਵਿਆਖਿਆ ਹੈ, ਪੂਰਨ ਗੁਰਮਤਿ ਰੀਤੀ ਅਨੁਸਾਰ ਪੰਜਾਂ ਪਿਆਰਿਆਂ ਦੁਆਰਾ ਪਹਿਲਾਂ ਗੁਰਮੰਤ੍ਰ ਗੁਰਦੀਖਿਆ ਰੂਪੀ ਗੁਰਮਤਿ ਨਾਮ ਅਧਿਆਰੀ ਜਨ ਦੇ ਸਰਵਣਾਂ ਅੰਦਰ ਹੀ ਪ੍ਰਵੇਸ਼ ਹੁੰਦਾ ਹੈ। ਇਸ ਅੰਮ੍ਰਿਤ ਨਾਮ ਦੇ ਇਸ ਬਿਧ ਸਰਵਣੀ ਪਰਵੇਸ਼ ਹੋਣ ਦੀ ਪਾਰਸ ਰਸਾਇਣੀ ਚੁੰਬਕ ਕਲਾ ਤਤਕਾਲ ਹੀ ਏਹ ਵਰਤ ਜਾਂਦੀ ਹੈ ਕਿ ਸਰਵਣ, ਨਿਧਿਆਸਣੀ ਗੁਰਦੀਖਿਆ ਪਾਤਰ ਅਧਿਕਾਰੀ ਜਨ ਦੇ ਮੁਖ, ਰਸਨਾਂ ਤੋਂ ਨਾਮ ਅਭਿਆਸ ਮਈ ਸਿਮਰਨ ਸਾਲਾਹੁਣ ਦੀ ਤਤ ਵਿਲੱਖਣੀ ਕ੍ਰਿਸ਼ਮ ਰਟ ਨਾਰਦ ਤੁਰਤ ਫੁਰਤੀ ਤੋਰਾ ਤੁਰ ਪੈਂਦਾ ਹੈ ਅਤੇ ਐਸਾ ਤੁਰਦਾ ਹੈ ਮਾਨੋ ਕੋਈ ਅਜ਼ਗੈਬੀ ਕੁੰਜੀ ਲਗ ਗਈ ਹੁੰਦੀ ਹੈ। ਏਹ ਅਤੀ ਸਰੇਸ਼ਟ ਕ੍ਰਿਸ਼ਮਾ ਸਿਫਿਤ ਸਾਲਾਹਣ ਮੁਖ ਦੁਆਰਾ ਪਿਛੋਂ ਰਟਨ ਹੁੰਦੀ ਹੈ, ਜਦ ਪਹਿਲੇ ਸਰਵਣਾਂ ਦੁਆਰਾ ਨਾਮ ਗੁਰਮੰਤ੍ਰ ਗੁਰਦੀਖਿਆ ਦੀ ਕ੍ਰਿਸ਼ਮ ਕਲਾ ਪ੍ਰਵੇਸ਼ ਹੋ ਚੁਕੀ ਹੁੰਦੀ ਹੈ। ਪੂਰਨ ਗੁਰਮਤਿ ਬਿਧੀ ਮਰਯਾਦਾ ਅਨੁਸਾਰ ਗੁਰਮੰਤਰ ਦੀਖਸ਼ਤ ਹੋਏ ਅੰਮ੍ਰਿਤਧਾਰੀ ਗੁਰਮੁਖ ਨਾਮ ਵਾਪਾਰੀ ਜਨ ਫੇਰ ਸਦਾ ਲਈ ਖਿਨ ਖਿਨ ਸੁਆਸਿ ਸੁਆਸਿ ਅਭਿਆਸ ਦੁਆਰਾ ਮਿਸ਼ਟ ਅੰਮ੍ਰਿਤ ਪਾਨੀ ਹੋਇ ਤ੍ਰਿਪਤਾਵੰਦੇ ਹਨ ਅਤੇ ਮਿਸ਼ਟ ਅੰਮ੍ਰਿਤ ਗਟਾਕ ਪੀ ਪੀ ਕੇ ਮੰਦੁ ਮੰਦੁ ਮੁਸਕਰਾਉਂਦੇ


www.AKJ.org

ਅਤੇ ਰਿਦ ਵਿਗਸਾਉਂਦੇ ਹਨ, ਐਸੀ ਸਿਫਤਿ ਸਾਲਾਹਣੀ ਸਾਲਾਹੁੰਦੇ ਹਨ ਕਿ ਨਾਲੋ ਨਾਲ ਰਸ ਜੋਤਿ ਵਿਗਾਸੀ ਹੋਇ ਹੋਇ ਉਮਗਾਉਂਦੇ ਰਹਿਸਾਉਂਦੇ ਹਨ। ਜੈਸਾ ਕਿ–

'ਤੇਰੇ ਜਨ ਰਸਕਿ ਰਸਕਿ ਗੁਣ ਗਵਾਹਿ ॥,
(ਰਾਗੁ ਆਸਾ ਘਰੁ ੬ ਮਹਲਾ ੫)

ਗੁਰ ਪ੍ਰਮਾਣ ਦਾ ਭਾਵ ਹੈ।

ਨਾਮ ਦੇ ਸੁਣਨ ਕਰਕੇ ਹੀ ਨਾਮ ਗੁਰ ਸ਼ਬਦ ਸੁਰਤੇ ਸਰੋਤੇ ਗੁਰਮੁਖ ਜਨਾਂ ਨੂੰ ਸਚੀ ਗੁਰਮਤਿ ਜੋਗ ਜੁਗਤਿ ਦਾ ਰਾਜ਼, ਗਿਆਨ ਭੇਦ ਰਿਦੰਤਰੋਂ ਤਨੰਤਰੋਂ ਹੀ ਉਗਵਿ ਆਉਂਦਾ ਹੈ। ਗੁਰਮਤਿ ਨਾਮ ਗੁਰਦੀਖਿਆ ਸੁਣਨ ਹਾਰੇ ਪਾਤਰ ਸਰੇਸ਼ਟ ਗੁਰਮੁਖ ਜਨ ਹੀ ਤਤ ਗੁਰਮਤਿ ਗੁਰਦੀਖਿਆ ਨੂੰ ਸੁਣਕੇ ਸਤਿ ਸਾਸਤ ਸਿਮ੍ਰਿਤ ਵੇਦ ਦੇ ਤੱਤ ਵੇਤੇ ਹੋ ਜਾਂਦੇ ਹਨ। ਗੁਰਮੰਤਰ ਦੀਖ਼ਸ਼ਤ ਗੁਰਮੁਖਾਂ ਨੂੰ ਗੁਰਮਤਿ ਨਾਮ ਦਾ ਸਿਮਰਨ ਸਰਵਣ ਅਤੇ ਸਾਲਾਹਣ ਹੀ ਸਾਸਤ੍ਰ ਸਿਮ੍ਰਿਤ ਵੇਦ ਹੈ। ਓਹਨਾਂ ਨੂੰ ਸਾਸਤ੍ਰਾਂ ਸਿਮ੍ਰਤੀਆਂ ਅਤੇ ਵੇਦਾਂ ਦੇ ਪੜ੍ਹਨ ਸੁਣਨ ਦੀ ਲੋੜ ਨਹੀਂ। ਨਾਮ ਸਾਲਾਹਿਣ ਸਿਫਤਾਉਣ ਅਤੇ ਸੁਰਤ ਸਬਦਾਉਨ ਦੀ ਐਸੀ ਅਜਬ ਮੁਆਜਜ਼ਾਵੀ ਕਲਾ ਹੈ ਕਿ ਸਾਧਾਰਨ ਗੁਰਮੁਖ ਜਗਿਆਸੂ ਅਭਿਆਸੀ ਜਨਾਂ ਨੂੰ ਸਾਸ਼ਤਰਾਂ ਸਿਮ੍ਰਤੀ ਵੇਦਾਂ ਦੀ ਗੂੜ੍ਹ ਗੰਮਤਾ ਪਰਾਪਤ ਹੋ ਜਾਂਦੀ ਹੈ। ਐਸਾ ਹੈ ਗੁਰੂ ਨਾਨਕ ਦੇਵ ਜੀ ਦੇ ਘਰ ਦੇ ਗੁਰਮੁਖ ਨਾਮ ਅਭਿਆਸੀ, ਨਾਮ ਸੁਰਤਾਸੀ ਭਗਤ ਜਨਾਂ ਦਾ ਸਦ ਰਿਦਵਿਗਾਸੀ ਪਰਤਾਪ, ਕਿ ਨਾਮ ਦੀ ਸ੍ਰੁਤ ਸੁਰਤਿ ਅਭਿਆਸਨੀ ਚੰਭੁਕ ਕਲਾ ਕਰ ਕੇ ਹੀ ਅਗਿਆਨ ਅਛਾਦਨੀ ਦੁਖਾਂ ਪਾਪਾਂ ਦੇ ਤਿਮਰ ਅੰਧਕਾਰੀ ਛਉੜ ਕਟੇ ਜਾਂਦੇ ਹਨ ਅਤੇ ਇਹਨਾਂ ਛਉੜਾਂ ਦੇ ਕਟੇ ਜਾਣ ਕਰਕੇ ਸਗਲੇ ਦੁਖਾਂ ਪਾਪਾਂ ਦਾ ਨਾਸ ਹੋ ਜਾਂਦਾ ਹੈ।

ਸੁਣਿਐ ਸਤੁ ਸੰਤੋਖੁ ਗਿਆਨੁ ॥
ਸੁਣਿਐ ਅਠ ਸਠਿ ਕਾ ਇਸਨਾਨੁ ॥
ਸੁਣਿਐ ਪੜਿ ਪੜਿ ਪਾਵਹਿ ਮਾਨੁ ॥
ਸੁਣਿਐ ਲਾਗੈ ਸਹਿਜ ਧਿਆਨੁ ॥
ਨਾਨਕ ਭਗਤਾ ਸਦਾ ਵਿਗਾਸੁ ॥
ਸੁਣਿਐ ਦੂਖ ਪਾਪ ਕਾ ਨਾਸ ॥ ੧੦ ॥

ਵਯਾਖਯਾ–ਨਾਮ ਦੇ ਸੁਣਨ ਕਰਕੇ ਸੁਰਤ ਸਰੋਤੇ ਨੂੰ ਅਤੇ ਕੇਵਲ ਨਾਮ ਸਰੋਦ ਸਰੋਤੇ ਨੂੰ ਹੀ ਸਚੇ ਸਤ ਸੰਤੋਖ ਅਤੇ ਸਚੇ ਗਿਆਨ ਦੀ ਪਰਾਪਤੀ ਹੁੰਦੀ ਹੈ। ਗੁਰਮਤਿ ਗਿਆਨ ਅਤੇ ਗੁਰਮਤਿ ਨਾਮ ਅਭਿਆਸ ਸੁਰਤੀਸ਼ਰਾਂ ਨੂੰ ਪਰਾਪਤ ਹੋਏ ਸਚੇ ਸਤ ਸੰਤੋਖ ਬਾਝੋਂ ਹੋਰ ਸਭ ਕਹੋਤੀ (ਸੋਕੋਲਡ) ਸਤ ਸੰਤੋਖ ਗਿਆਨ ਸਭ ਕੂੜਾਵੇ ਅਤੇ ਤ੍ਰੈਗੁਣੀ ਸਤ, ਸੰਤੋਖ, ਗਿਆਨ ਹਨ। ਕੇਵਲ ਗੁਰਮਤ ਨਾਮ ਸੁਰਤ-ਸਬਦ ਕਮਾਈ ਦੁਆਰਾ ਹੀ ਤੱਤ ਪਰਮਾਰਥੀ ਸਤ, ਸੰਤੋਖ, ਗਿਆਨ ਦੀ ਪਰਾਪਤੀ ਹੁੰਦੀ ਹੈ। ਗੁਰਮਤਿ ਗੁਰਦੀਖਿਆ ਗੁਰੂ ਦੁਆਰਾ (ਪੰਜਾਂ ਪਿਆਰਿਆਂ ਦੀ ਗੁਰੂ ਸਾਹਿਬ ਦੇ ਤਾਬਿਆ ਗੁਰਮੰਤ੍ਰ ਦ੍ਰਿੜਾਉਣੀ ਗੁਰਤੱਤਾ ਕਿਰਸ਼ਮਾਉਣੀ ਕਲਾ ਦੁਆਰਾ) ਸੁਣੇ ਅਤੇ ਸੁਰਤੀ ਅਭਿਆਸੇ ਬਾਝੋਂ ਨ ਹੀ ਸਚੇ ਗੁਰਮਤਿ ਗਿਆਨ ਦੀ ਪ੍ਰਾਪਤੀ ਹੋ ਸਕਦੀ ਹੈ ਅਤੇ ਨਾ ਹੀ ਪਰਮਾਰਥ ਤਤਵੀ ਸਤ ਸੰਤੋਖ ਹੀ ਸੁਲਭਤ (ਪ੍ਰਾਪਤ) ਹੁੰਦਾ ਹੈ। ਸੁਲੱਭਤ ਤਾਂ ਕੀ ਹੋਣਾ ਸੀ? ਤੱਤ ਸਤ ਵੀ ਸਤ ਸੰਤੋਖ ਗਿਆਨ ਦੀ ਸੂਝ ਬੂਝ ਭੀ ਨਹੀਂ ਹੋ ਸਕਦੀ। ਗੁਰਮਤਿ ਸਤ, ਸੰਤੋਖ ਗਿਆਨੁ, ਆਮ ਫਹਿਮ ਅਤੇ ਆਨਮਤ ਮਤਾਂਤਰਾਂ ਸਤ ਸੰਤੋਖ ਗਿਆਨਾਂ ਤੋਂ ਅਤੀ ਵਿਲੱਖਣ ਹੈ। ਏਹਨਾਂ ਤੇਹਾਂ


www.AKJ.Org

ਪਦਾਂ ਦੇ ਪਿਛਲੇ ਅੱਖਰ ਨੂੰ ਔਂਕੜ ਏਸੇ ਕਰਕੇ ਸ਼ਸ਼ੋਭਤ ਹੈ ਕਿ ਇਹ ਸਤੁ, ਸੰਤੋਖੁ, ਗਿਆਨੁ ਖਾਲ-ਸਈ ਤੱਤ ਵਿਲੱਖਣਾਂ ਦੀ ਗੁਰਮਤਿ ਖਾਸੁਲ ਖਾਸਤਾ ਵਾਲੀ ਅਹਿਮੀਅਤ ਖਾਸੀਅਤ ਰਖਦੇ ਹਨ। ਗੁਰ-ਮਤਿ ਸਤਿ, ਖਾਸੁਲ ਖਾਸ ਸਤਿ ਹੈ, ਜਿਸ ਦੀ ਸੂਝ ਬੂਝ ਅਤੇ ਸੁਲੱਭਤੂਜ (ਲੱਭਤਾ) ਕੇਵਲ ਗੁਰਮਤਿ ਨਾਮ ਅਭਿਆਸੀ ਸੁਰਤੀਸ਼ਰਾਂ ਨੂੰ ਹੀ ਪ੍ਰਾਪਤ ਹੁੰਦੀ ਹੈ। ਗੁਰਮਤਿ ਲਖਾਇਆ ਸੰਤੋਖ ਭੀ ਖਾਸ ਪਰਮਾਰਥੀ ਸੰਤੁਸ਼ਟਤਾ ਵਾਲੀ ਅੰਸ ਸੰਪੰਨ ਸੰਤੋਖ ਹੈ, ਜਿਸ ਦੇ ਲਖਨਹਾਰੇ ਕੇਵਲ ਗੁਰ ਗੰਮ ਗਿਆਨ ਪਦ ਦੀ ਸੁਰਤੀ ਵਾਲੇ ਹੀ ਹੋ ਸਕਦੇ ਹਨ। ਹੋਰ ਆਮ ਅਗਿਆਨਤਾ ਸੁਤੇ ਹੀ ਚੁੰਚ.ਕਥਨੀ ਦੁਆਰਾ ਲੋਕ ਕਥਦੇ ਫਿਰਦੇ ਹਨ, ਪ੍ਰੰਤੂ ਸਚਾ ਦਿਬ-ਜੋਤਵੀ ਗਿਆਨ ਕੇਵਲ ਗੁਰਮਤਿ ਨਾਮ ਦੀ ਅਥਾਹ ਅਭਿਆਸ ਕਮਾਈ ਅਤੇ ਉਚ ਸੁਰਤ ਸਬਦ ਦੀ ਲਖਤਾ ਦੁਆਰਾ ਹੀ ਪ੍ਰਕਾਸ਼ਤ ਹੁੰਦਾ ਹੈ ਅਤੇ ਉਚ ਆਤਮ ਅਟਾਰੜੀ ਅਵਸਥਾ ਵਿਚ ਪੁਜ ਕੇ ਏਹ ਤੱਤ ਲਖਤਾ ਪ੍ਰਾਪਤ ਹੁੰਦੀ ਹੈ ਕਿ ਨਾਮ ਹੀ ਸਤਿ ਹੈ, ਨਾਮ ਹੀ ਸੰਤੋਖ ਹੈ ਅਤੇ ਨਾਮ ਹੀ ਗਿਆਨ ਹੈ। ਨਾਮ ਬਿਹੂਣ ਹੋਰ ਕੋਈ ਸਤ, ਸੰਤੋਖ, ਗਿਆਨ ਨਹੀਂ।

ਨਾਮ ਗੁਰਮੰਤ੍ਰ ਗੁਰਦੀਖਿਆ ਲੈ ਕੇ ਅਤੇ ਇਤ ਬਿਧ ਸਬਦ ਸੁਰਤ ਕਮਾਈਆਂ ਦੀ ਆਤਮ ਇਸ-ਥਿਤੀ ਅਵਸਥਾ ਰਹਿ ਕੇ ਇਸ ਬਿਧ ਗਹੀ ਆਤਮ ਅਵਸਥਾ ਵਾਲਿਆਂ ਨੂੰ ਅੰਤਰ ਆਤਮੇ ਅਠ ਸਠ ਤੀਰਥਾਂ ਦਾ ਇਸ਼ਨਾਨ ਪ੍ਰਾਪਤ ਹੋ ਜਾਂਦਾ ਹੈ। ਨਾਮ ਅੰਮ੍ਰਿਤ ਰੂਪ ਹੈ। ਨਾਮ ਅੰਮ੍ਰਿਤ ਪਿਰਮ ਪਿਆਲਾ ਪੀਣਹਾਰੇ ਚੁਪ ਚੁਪੋਲਿਆਂ ਨੂੰ ਨਭ ਨਾਮ ਵਿਖੇ, ਅੰਮ੍ਰਿਤ ਸਰੋਵਰ ਉਗਵ ਆਉਂਦੇ ਹਨ। ਉਹ ਅਹਿ-ਨਿਸ ਅਮਿਉ ਉਦਕ ਤੀਰਥਾਂ ਸਰੋਵਰਾਂ ਵਿਚ ਹੀ ਤਾਰੀਆਂ ਲਾਉਂਦੇ ਰਹਿੰਦੇ ਹਨ। ਮਾਨੋ ਅਠ ਸਠ ਤੀਰਥਾਂ ਦਾ ਇਸ਼ਨਾਨ ਉਹਨਾਂ ਨੂੰ ਸੁਭਾਵਕ ਹੀ ਹੁੰਦਾ ਹੈ। ਹਿੰਦਵੈਣ ਦੇ ਅਠ ਸਠ ਤੀਰਥ ਇਸ ਅੰਮ੍ਰਿਤ ਮੰਜਨੀ ਆਤਮ ਇਸ਼ਨਾਨ ਦਾ ਅਨੰਦ ਨਹੀਂ ਭੁੰਚਾਇ ਸਕਦੇ ਅਤੇ ਇਸ ਆਤਮ ਮੰਜਨੀ ਅਵਸਥਾ ਦੇ ਲਵੇ ਨਹੀਂ ਲਗ ਸਕਦੇ। ਨਾਮ ਗੁਰਮੰਤ੍ਰ ਗੁਰ-ਦੀਖਸ਼ਤ ਅੰਮ੍ਰਿਤ ਮੰਜਨੀ ਅਤੇ ਸੁਰਧ-ਸਾਧਕ ਸੁਰ-ਤੱਜਨੀ ਗੁਰਮੁਖ ਸੁਅਜਨਾਂ ਨੂੰ ਹੀ ਨਾਮ ਦੇ ਰੰਗਾਂ ਵਿਚ ਰੱਤ ਕੇ ਨਾਮ ਬਾਣੀ ਦੇ ਪੜ੍ਹਨ ਦਾ ਸੱਚਾ ਆਨੰਦ ਆਉਂਦਾ ਹੈ ਅਤੇ ਉਹੀ ਪੜ੍ਹਿ ਪੜ੍ਹਿ ਮਾਨ ਪਾਉਂਦੇ ਹਨ। ਇਸ ਲੋਕ ਵਿਖੇ ਭੀ ਅਤੇ ਧੁਰ ਦਰਗਾਹੀਂ ਪਰਲੋਕ ਵਿਖੇ ਭੀ। ਅੰਮ੍ਰਿਤ ਨਾਮ ਵਿਚ ਗੀਧੇ (ਗੁੰਨੇ ਪਰੁੰਨੇ ਮੁਸ਼ਕ ਝਕੋਲਨੇ) ਗੁਰਮੁਖ ਜਨਾਂ ਦੇ ਮੁਖੋਂ ਉਚਰੀ ਬਾਣੀ,ਅਮਿਉ ਝਰਨੇ ਝਰਨਾ ਦਿੰਦੀ ਹੈ, ਜਿਸ ਨੂੰ ਸੁਣ ਕੇ ਸੁਆਦ ਲੈਣਹਾਰੇ ਵਾਹ ਵਾਹ ਕਰ ਉਠਦੇ ਹਨ। ਅੰਮ੍ਰਿਤ ਉਚਾਰਣੀ ਬਾਣੀ ਦੀ ਅਮਿਉ ਝਰਣਾਣੀ ਮਹਿਮਾਂ ਮਹਾਣੀ ਅਪਰ ਅਪਾਰ ਹੈ।

ਇਸ ਬਿਧ ਅਗਲੀ ਪੰਗਤੀ "ਸੁਣਿਐ ਲਾਗੈ ਸਹਿਜ ਧਿਆਨੁ" ਦੀ ਵਿਆਖਿਆ ਤਾਂ ਸੁਤੇ ਸੁਭਾਵ ਹੀ ਸਪਸ਼ਟ ਹੋ ਜਾਂਦੀ ਹੈ। ਇਸ ਪੰਗਤੀ ਵਿਚ ਵਿਦਤਾਈ ਸਹਿਜ ਪਦ ਵਿਚ ਧਿਆਨ ਲਗਣ ਵਾਲੀ ਲਿਵ ਮਗਨਤਾ ਪਿਛਲੀ ਪੰਗਤੀ ਵਿਚ ਦਰਸਾਈ ਅਮਿਉ ਝਰਨੇ ਝਰਣਾਉਣ ਵਾਲੀ ਬਿਵਸਥਾ ਨਾਲ ਸਬੰਧਤ ਹੈ। ਸਹਿਜ ਪਦ ਵਿਖੇ ਧਿਆਨ ਕੇਵਲ ਨਾਮ ਸੁਰਤੀਸ਼ਰ ਦਾ ਹੀ ਲਗ ਸਕਦਾ ਹੈ। ਸੁਰਤ ਸ਼ਬਦ ਸੁਰਤੀਸ਼ਰ ਹੀ ਸਹਿਜ ਪਦ ਲਿਵ ਮਜਨੀਸ਼ਰ


www.AKJ.Org

ਬਣ ਸਕਦੇ ਹਨ । ਗੁਰਮਤਿ ਨਾਮ ਗੁਰਦੀਖਿਆ ਦੀਖਤ ਹੋਏ ਅਭਿਆਸ ਸਾਵਧਾਨੀ ਸੁਰਤੇ ਹੀ ਸਹਿਜ ਪਦ ਵਿਖੇ ਧਿਆਨ ਮਗਨ ਹੋਣ ਦਾ ਮਕ-ਦੂਰ ਰਖਦੇ ਹਨ ਹੋਰ ਕੋਈ ਨਹੀਂ ਰਖ ਸਕਦਾ। ਅਜੇਹੇ ਸਹਿਜ ਪਦ ਲਿਵ ਧਿਆਨੀ ਗੁਰੂ ਨਾਨਕ ਵਰੋਸਾਏ ਗੁਰਮੁਖਾਂ ਭਗਤਾਂ ਪ੍ਰਤੀ ਹੀ "ਸਦਾ ਵਿਗਾਸ" ਵਾਲਾ ਆਤਮ ਵਿਗਾਸੀ ਘਟਨਾਉ ਘਟਦਾ ਹੈ। ਅਤੇ ਅਜਿਹੇ ਸਦਨਵਤਨ ਆਤਮ ਇਨਕਸ਼ਾਫੀ ਭਗਤ ਜਨਾਂ ਦੇ ਸਮੁੱਚੇ ਦੁਖਾਂ ਤੇ ਪਾਪਾਂ ਦਾ ਨਾਸ ਹੋ ਜਾਂਦਾ ਹੈ।

ਸੁਣਿਐ ਸਰਾ ਗੁਣਾ ਕੇ ਗਾਹ ॥
ਸੁਣਿਐ ਸੇਖ ਪੀਰ ਪਾਤਿਸਾਹ ॥
ਸੁਣਿਐ ਅੰਧੇ ਪਾਵਹਿ ਰਾਹੁ ॥
ਸੁਣਿਐ ਹਾਥ ਹੋਵੈ ਅਸਗਾਹੁ ॥
ਨਾਨਕ ਭਗਤਾ ਸਦਾ ਵਿਗਾਸੁ ॥
ਸੁਣਿਐ ਦੂਖ ਪਾਪ ਕਾ ਨਾਸੁ ॥ ੧੧ ॥

ਵਜਾਖਯਾ—ਨਾਮ ਦੀ ਗੁਰਮਤਿ ਰਮਜ਼ਾਈ ਗੁਰਮਤਿ ਜੁਗਤਿ ਜੁਗਤਾਈ ਸੁਰਤ ਸਰਵਣਾਈ ਦੇ ਪਰਤਾਪ ਕਰਿ ਤ੍ਰੈਗੁਣੀ ਤੁਰੀ ਗੁਣੀ ਗੁਣ ਸਰੋਵਰਾਂ ਦੇ ਸਮੂਹਾਂ ਦਾ ਸੈਰ ਦਿਬ ਦ੍ਰਿਸ਼ਟੋਰੀ ਦਰਸੇਰ (ਦਰਸਾਰ) ਗਾਹਨ ਅਵਗਾਹਨ ਹੋ ਜਾਂਦਾ ਹੈ। ਨਾਮ ਸੁਰਤੀਸ਼ਰਾਂ ਦਾ ਸੁਰਤਿ ਮੰਡਲ ਇਤਨਾ ਵਸੀਅ ਅਤੇ ਅਮੀਕ ਹੋ ਜਾਂਦਾ ਹੈ ਕਿ ਸਾਰਾ ਤ੍ਰੈਗੁਣੀ ਪਸਾਰਾ ਅਤੇ ਤੁਰੀਆ ਗੁਣੀ ਦਿਬ ਦਿਸ਼ਟਾਰਾ ਓਹਨਾਂ ਦੀ ਦਿਬ ਦ੍ਰਿਸ਼ਟੀ ਦਾ ਸੁਤੇ ਸਹਿਜਾਰੀ ਨਜ਼ਾਰਾ ਬਣ ਜਾਂਦਾ ਹੈ।

ਨਾਮ ਸੁਣਨ ਦੇ ਪਾਰਸ ਭੂਤੀ ਫੈਜ਼ ਪ੍ਰਭਾਵ ਕਰਕੇ ਨਾਮ ਅਭਿਆਸੀ ਸੁਰਤੇ ਗੁਰਮੁਖ ਸ਼ੇਖਾਂ ਪੀਰਾਂ ਦੇ ਭੀ ਪਾਤਸ਼ਾਹ ਬਣ ਜਾਂਦੇ ਹਨ।

'ਜਿਸਨੋ ਬਖਸੇ ਸਿਫਤਿ ਸਾਲਾਹ ॥
ਨਾਨਕੁ ਪਾਤਿਸਾਹੀ ਪਾਤਿਸਾਹੁ ॥'

ਗੁਰਵਾਕ ਦੇ ਭਾਵ ਅਨੁਸਾਰ ਪਾਤਸਾਹਾਂ ਦੇ ਭੀ ਪਾਤਸ਼ਾਹ ਬਣ ਜਾਂਦੇ ਹਨ।

ਨਾਮ ਦੇ ਸਰਵਣ ਸ੍ਰੋਤੀ ਸੁਰਤ ਸਬਦ ਉਦੋਤੀ ਪਾਰਸ ਪਰਭਾਵੀ ਪ੍ਰਤਾਪ ਕਰਕੇ ਮੂੜ੍ਹ ਅਗਿਆਨੀ ਭੀ ਗੁਰਮਤਿ ਸੁਮਾਰਗੀ ਸੁਘੜ ਸੁਜਾਨੀ ਤੱਤ ਆਤਮ ਦਰਸੀਏ ਸੁਗਿਆਨੀ ਬਣ ਜਾਂਦੇ ਹਨ।

ਗੁਰੂ ਨਾਨਕ ਸਾਹਿਬ ਦੀ ਨਦਰਿ ਨਦਰਾਏ ਗੁਰਮੁਖਾਂ ਭਗਤ ਜਨਾਂ ਨੂੰ ਐਸਾ ਸਦ ਰਿਦ-ਵਿਗਾਸੀ ਇਨਕਸ਼ਾਫ ਹੁੰਦਾ ਹੈ ਕਿ ਜਿਸਦੇ ਪ੍ਰਭਾਵ ਕਰਕੇ ਨਾਮ ਵਿਗਾਸਨੀ ਸੁਰਤੀ ਹੋਰ ਤੋਂ ਹੋਰ ਖੁਲਦੀ ਵਿਗਸਦੀ, ਖਿੜਦੀ ਅਤੇ ਚੜ੍ਹਦੀ ਰਹਿੰਦੀ ਹੈ, ਅਤੇ ਨਾਮ ਦੀਆਂ ਅਨਹਤ ਧੁਨੀਆਂ ਹੋਰੋ ਹੋਰ ਤੇ ਜ਼ੋਰੋ ਜ਼ੋਰ ਸੁਣਨਿ ਵਿਚ ਨਿਤ ਨਵਲ ਰੰਗਾਂ ਵਿਚ ਆ ਜ਼ਹੂਰਾਉਂਦੀਆਂ ਹਨ, ਜਿਨ੍ਹਾਂ ਦੇ ਸੁਣਨ ਕਰਕੇ ਦੁਖਾਂ ਪਾਪਾਂ, ਕਲੇਸ਼ਾਂ ਦਾ ਉਕਾ ਹੀ ਅਭਾਵ ਹੋ ਜਾਂਦਾ ਹੈ।

ਨਾਮ ਦੇ ਸੁਣਨ ਦੀ ਅਕਲ ਕਲਾ ਬਰਕਤ ਦੇ ਤੁਫੈਲ ਸਬਦ ਸੁਰਤਿ ਗੁਰਮਤਿ ਮਾਰਗ ਦੇ ਪਾਂਧੀ ਗੁਰਮੁਖ ਜਨਾਂ ਨੂੰ ਅਥਾਹ ਗਤਿ ਮਿਤ ਵਾਲਾ ਪਾਰ-ਬ੍ਰਹਮ ਪਰਮੇਸ਼ਰ ਭੀ ਹਸਤਾਮਲ ਵਤ (ਹਥ ਉਤੇ ਪਏ ਔਲੇ ਵਾਂਗ) ਆਸ਼ਕਾਰ ਅਤੇ ਸ਼ਾਖਸ਼ਾਤਕਾਰ ਹੋ ਜਾਂਦਾ ਹੈ।

—o—


www.AKJ.Org

# ਸਤਿਗੁਰ ਨਾਨਕ ਪ੍ਰਗਟਿਆ
# ਮਿਟੀ ਧੁੰਧ ਜਗ ਚਾਨਣੁ ਹੋਆ ॥

( ਵਲੋਂ—ਬੀਬੀ ਕੁਲਦੀਪ ਕੌਰ ਜੀ ਪੰਜਾਬੀ ਯੂਨੀਵਰਸਿਟੀ, ਪਟਿਆਲਾ )

ਜਿਸ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਸਾਰ ਵਿੱਚ ਅਵਤਾਰ ਧਾਰਿਆ ਉਸ ਸਮੇਂ ਸੰਸਾਰ ਅਤੇ ਵਿਸ਼ੇਸ਼ ਕਰਕੇ ਭਾਰਤ ਦੇ ਲੋਕ ਸੱਚ ਮੁੱਚ ਹੀ ਅਗਿਆਨ, ਕਾਇਰਤਾ, ਗੁਲਾਮੀ, ਫੁਟ, ਪਾਖੰਡ ਅਤੇ ਵਹਿਮਾਂ ਭਰਮਾਂ ਦੀਆਂ ਹਨੇਰੀਆਂ ਖੱਡਾਂ ਵਿਚ ਠੇਡੇ ਖਾ ਰਹੇ ਸਨ। ਉਹਨਾਂ ਦੇ ਚਾਰੇ ਪਾਸੇ ਧੁੰਧ ਹੀ ਧੁੰਧ ਪਸਰੀ ਹੋਈ ਸੀ। ਗਿਆਨ ਦਾ ਸੂਰਜ ਬੱਦਲਾਂ ਦੇ ਉਹਲੇ ਲੁਕਿਆ ਹੋਇਆ ਸੀ ਅਤੇ ਕਿਸੇ ਨੂੰ ਵੀ ਚਾਨਣੇ ਰਾਹਾਂ ਦੀ ਸੋਝੀ ਨਹੀਂ ਸੀ। ਸਾਰੀ ਲੁਕਾਈ ਆਪਣੇ ਅਸਲੀ ਮਾਰਗ ਨੂੰ ਭੁਲ ਕੇ ਔਝੜੇ ਪਈ ਹੋਈ ਸੀ ਬਿਨਾਂ ਮੰਜ਼ਲ ਦੇ ਭਟਕਦੀ ਫਿਰਦੀ ਸੀ। ਰਾਜ-ਅਭਿਮਾਨ ਵਿਚ ਮਗਨ ਹੋਏ ਰਾਜਿਆਂ ਨੂੰ ਆਪਣੇ ਕਰਤਵਾਂ ਦੀ ਸੋਝੀ ਨਹੀਂ ਸੀ ਰਹੀ। ਧਾਰਮਿਕ ਆਗੂ ਧਾਰਮਿਕ ਭਾਵਾਂ ਤੋਂ ਸੱਖਣੇ ਹੋ ਧਰਮ ਦੇ ਬਾਹਰੀ ਰੂਪ ਨੂੰ ਹੀ ਸਭ ਕੁਝ ਸਮਝੀ ਬੈਠੇ ਸਨ। ਸਮੁਚੇ ਤੌਰ ਤੇ ਭਾਰਤ ਦੇ ਵਸਨੀਕਾਂ ਨੂੰ 'ਅਹਿੰਸਾ ਪਰਮੋ ਧਰਮਾ' ਦੇ ਸਿਧਾਂਤ ਨੇ ਸਰੀਰਕ ਪੱਖ ਤੋਂ ਨਿਰਬਲ ਬਣਾ ਦਿੱਤਾ ਹੋਇਆ ਸੀ। ਸਦੀਆਂ ਦੀ ਗੁਲਾਮੀ ਦੇ ਕਾਰਣ ਉਹ ਮਾਨਸਿਕ ਪੱਖ ਤੋਂ ਵੀ ਨਿਤਾਣੇ ਤੇ ਕਾਇਰ ਬਣ ਚੁਕੇ ਸਨ। ਇਸੇ ਲਈ ਹਰ ਪ੍ਰਕਾਰ ਦੇ ਦਬਾਉ ਸਾਮ੍ਹਣੇ ਉਹ ਬਿਲਕੁਲ ਚੁਪ ਚਾਪ ਸਿਰ ਝੁਕਾ ਸਭ ਕੁਝ ਸਹਾਰੀ ਜਾ ਰਹੇ ਸਨ। ਰਾਜਸੀ ਜਬਰ ਤੇ ਤਸ਼ੱਦਦ ਦੀ ਭੱਠੀ ਗਰਮ ਸੀ ਅਤੇ ਜਨ-ਸਾਧਾਰਣ ਨੂੰ ਦਾਣਿਆਂ ਦੀ ਤਰ੍ਹਾਂ ਭੁੰਨਿਆ ਜਾ ਰਿਹਾ ਸੀ। ਬਾਹਰੋਂ ਆਏ ਜਰਵਾਣਿਆਂ ਦੀ ਲਹੂ-ਪਿਆਸੀ ਤਲਵਾਰ ਇਨ੍ਹਾਂ ਦੇ ਸ਼ੀਤ ਹੋ ਚੁਕੇ ਲਹੂ ਨਾਲ ਆਪਣੀ ਪਿਆਸ ਬੁਝਾ ਰਹੀ ਸੀ। ਇਸੇ ਲਈ ਤਾਂ ਗੁਰੂ ਸਹਿਬ ਨੇ ਅਕਾਲ ਪੁਰਖ ਨੂੰ ਵੰਗਾਰ ਕੇ ਆਖਿਆ ਸੀ:

ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦ ਨਾ ਆਇਆ।

ਅਕਾਲ ਪੁਰਖ ਨੂੰ ਸੰਬੋਧਨ ਕਰਨ ਦੀ ਆਪ ਨੂੰ ਕਿਉਂ ਲੋੜ ਪਈ ? ਕਿਉਂਕਿ:

ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸ ਨਾ ਹੋਈ।
ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ।

ਇਥੋਂ ਦੇ ਲੋਕ ਤਾਂ ਨਿਆਸਰੇ ਵੱਗਾਂ ਦੀ ਤਰ੍ਹਾਂ ਹੀ ਬਣੇ ਹੋਏ ਸਨ। ਸ਼ੀਂਹ ਜਦੋਂ ਵੀ ਚਾਹੇ ਉਹਨਾਂ ਨੂੰ ਆਪਣਾ ਸ਼ਿਕਾਰ ਬਣਾ ਸਕਦਾ ਸੀ। ਅਜੇਹੀ ਦਸ਼ਾ ਵਿਚ ਅਕਾਲ ਪੁਰਖ ਨੂੰ ਨਾ ਵੰਗਾਰਿਆ ਜਾਂਦਾ ਤਾਂ ਹੋਰ ਕਿਸ ਅਗੇ ਫ਼ਰਿਆਦ ਕੀਤੀ ਜਾਂਦੀ।

ਧਾਰਮਕ ਖੇਤਰ ਵੱਲ ਝਾਤੀ ਮਾਰਕੇ ਵੇਖੀਏ ਤਾਂ ਪਤਾ ਲਗਦਾ ਹੈ ਕਿ ਧਰਮ ਦੇ ਠੇਕੇਦਾਰ ਬ੍ਰਾਹਮਣ


www.AKJ.org

ਧਰਮ ਦੇ ਅਸਲੀ ਆਦਰਸ਼ਾਂ ਨੂੰ ਆਪ ਵੀ ਨਹੀਂ ਸਨ ਸਮਝਦੇ। ਧਰਮ ਉਹਨਾਂ ਨੇ ਇੰਨਾ ਗੁੰਝਲਦਾਰ ਬਣਾ ਦਿਤਾ ਸੀ ਕਿ ਆਮ ਲੋਕ ਉਲਝਣਾਂ ਵਿਚ ਹੀ ਫਸੇ ਰਹਿ ਜਾਂਦੇ ਸਨ ਅਤੇ ਕੁਝ ਸਿਖਿਆ ਗ੍ਰਹਿਣ ਕਰਨ ਦੀ ਥਾਂ ਅੰਧ ਵਿਸ਼ਵਾਸ਼ੀ ਬਣਾ ਕੇ ਵਹਿਮਾਂ ਭਰਮਾਂ ਦੇ ਜਾਲ ਦੀਆਂ ਤਾਰਾਂ ਵਿਚ ਉਲਝੇ ਰਹਿੰਦੇ ਸਨ। ਡਾਕਟਰ ਗੋਕਲ ਚੰਦ ਨਾਰੰਗ ਨੇ ਆਪਣੇ ਪੁਸਤਕ 'ਟਰਾਂਸਫਰਮੇਸ਼ਨ ਆਫ਼ ਸਿਖਿਜ਼ਮ' ਵਿਚ ਦੱਸਿਆ ਹੈ ਕਿ ਗੁਰੂ ਨਾਨਕ ਸਾਹਿਬ ਦੇ ਜਨਮ ਸਮੇਂ ਆਮ ਪ੍ਰਚੱਲਿਤ ਧਰਮ ਖਾਣ ਪੀਣ ਦੇ ਖ਼ਾਸ ਨੇਮਾਂ, ਇਸ਼ਨਾਨ ਕਰਨ ਤੇ ਟਿੱਕਾ ਲਾਉਣ ਦੇ ਅਨੋਖੇ ਤ੍ਰੀਕਿਆਂ ਅਤੇ ਹੋਰ ਅਜੇਹੀਆਂ ਜਿਸਮਾਨੀ ਰਸਮਾਂ ਤੱਕ ਹੀ ਸੀਮਿਤ ਸੀ। ਸੱਚੇ ਧਰਮ ਦੇ ਸੋਮੇ ਬੇਅਰਥ ਰਸਮਾਂ ਦੇ ਘਾਹ ਬੂਟੇ, ਨੀਵਿਆਂ ਕਰਨ ਵਾਲੇ ਵਹਿਮਾਂ, ਬ੍ਰਾਹਮਣਾਂ ਦੀ ਖ਼ੁਦਗਰਜ਼ੀ ਤੇ ਲੋਕਾਂ ਦੀ ਅਣਗਹਿਲੀ ਨਾਲ ਬੰਦ ਹੋ ਚੁਕੇ ਸਨ।

ਧਰਮ ਅਤੇ ਧਾਰਮਿਕ ਆਗੂਆਂ ਦਾ ਸਮੁੱਚੇ ਸਮਾਜਕ ਜੀਵਨ ਨਾਲ ਡੂੰਘਾ ਸੰਬੰਧ ਹੁੰਦਾ ਹੈ। ਭਾਰਤ ਵਿਚ ਤਾਂ ਅਰੰਭ ਤੋਂ ਹੀ ਸਮਾਜਕ ਮਹਲ ਦੀ ਉਸਾਰੀ ਧਰਮ ਦੀਆਂ ਬੁਨਿਆਦਾਂ ਉਤੇ ਹੁੰਦੀ ਆਈ ਹੈ, ਪਰ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਸਮੇਂ ਇਹਨਾਂ ਧਾਰਮਿਕ ਆਗੂਆਂ ਨੇ ਸਮਾਜਕ ਜੀਵਨ ਨੂੰ ਬੜਾ ਗੁੰਝਲਦਾਰ ਬਣਾ ਦਿੱਤਾ ਹੋਇਆ ਸੀ। ਹਿੰਦੂ ਜਾਤੀ ਚਾਰ ਸ਼੍ਰੇਣੀਆਂ ਵਿੱਚ ਵੰਡੀ ਜਾ ਚੁਕੀ ਸੀ। ਇਹਨਾਂ ਵਿਚੋਂ ਇਕ ਸ਼੍ਰੇਣੀ ਅਰਥਾਤ ਸ਼ੂਦਰਾਂ ਨੂੰ ਸਭ ਹੱਕਾਂ ਤੋਂ ਵਾਂਝੇ ਰਖਿਆ ਜਾਂਦਾ ਸੀ। ਕੇਵਲ ਇਹ ਹੀ ਨਹੀਂ ਕਿ ਸ਼ੂਦਰ ਦੂਜੀਆਂ ਉਚ ਸਮਝੀਆਂ ਜਾਂਦੀਆਂ ਜਾਤਾਂ ਦੇ ਲੋਕਾਂ ਨਾਲ ਮੇਲ ਜੋਲ ਹੀ ਨਹੀਂ ਸਨ ਰੱਖ ਸਕਦੇ, ਸਗੋਂ ਉਹਨਾਂ ਨੂੰ ਇਹ ਵੀ ਖੁਲ੍ਹ ਨਹੀਂ ਸੀ ਕਿ ਉਹ ਆਪਣੀ ਮਨ ਮਰਜ਼ੀ ਨਾਲ ਪਾਠ ਪੂਜਾ ਆਦਿ ਕਰ ਸਕਣ। ਕਦੇ ਭੁਲ ਭੁਲੇਖੇ ਹੀ ਜੇ ਉਹ ਵੇਦ ਮੰਤਰ ਸੁਣਨ ਦੀ ਗ਼ਲਤੀ ਕਰ ਲੈਂਦੇ ਤਾਂ ਉਹਨਾਂ ਦੇ ਕੰਨਾਂ ਵਿਚ ਸਿੱਕਾ ਢਾਲ ਕੇ ਪਾ ਦਿਤਾ ਜਾਂਦਾ ਸੀ।

ਇਸਤ੍ਰੀ ਜਾਤੀ ਦੀ ਦਸ਼ਾ ਵੀ ਅਤਿ ਗਿਰੀ ਹੋਈ ਸੀ। ਸਤੀ ਦੀ ਰਸਮ ਆਮ ਪ੍ਰਚਲਤ ਸੀ। ਜੋਗੀਆਂ ਤੇ ਸਿੱਧਾਂ ਨੇ ਜਿਥੇ ਕਰਾਮਾਤਾਂ ਦਿਖਾ ਕੇ ਅਤੇ ਰਿਧੀਆਂ ਸਿਧੀਆਂ ਦਾ ਡਰਾਵਾ ਦੇ ਕੇ ਲੋਕਾਂ ਤੇ ਰੋਅਬ ਜਮਾਇਆ ਹੋਇਆ ਸੀ ਉਥੇ ਤਿਆਗ ਦਾ ਪਰਚਾਰ ਕਰਕੇ ਅਤੇ ਇਸਤ੍ਰੀ ਜਾਤੀ ਦੀ ਸੰਗਤ ਤੋਂ ਦੂਰ ਰਹਿਣ ਦਾ ਉਪਦੇਸ਼ ਦੇ ਕੇ ਉਹਨਾਂ ਨੇ ਇਸਤਰੀ ਨੂੰ ਘ੍ਰਿਣਾ-ਯੋਗ ਬਣਾ ਦਿਤਾ ਸੀ। ਗੋਰਖ ਵਰਗਿਆਂ ਨੇ ਤਾਂ ਇਸਤਰੀ ਨੂੰ 'ਬਾਘਿਨ' ਤੱਕ ਕਹਿ ਦਿਤਾ।

ਗੱਲ ਕੀ ਉਸ ਸਮੇਂ ਆਮ ਲੋਕਾਂ ਦਾ ਜੀਵਨ, ਰਾਜਸੀ, ਧਾਰਮਿਕ, ਸਮਾਜਕ ਆਦਿ ਸਭ ਪੱਖਾਂ ਤੋਂ ਬੜਾ ਹੀ ਦੁਖਦਾਈ ਬਣ ਚੁਕਿਆ ਸੀ। ਭਾਈ ਗੁਰਦਾਸ ਨੇ ਇਸ ਦਸ਼ਾ ਦਾ ਵਰਣਨ ਆਪਣੀ ਬਾਣੀ ਵਿਚ ਇਸ ਤਰ੍ਹਾਂ ਕੀਤਾ ਹੈ:

ਕਲਿਆਈ ਕੁਤੇ ਮਾਹੀ,
ਖਾਜ ਹੋਆ ਮੁਰਦਾਰ ਗੁਸਾਈ।
ਰਾਜੇ ਪਾਪ ਕਮਾਂਵਦੇ,
ਉਲਟੀ ਵਾੜ ਖੇਤ ਕਉ ਖਾਈ।
ਪਰਜਾ ਅੰਧੀ ਗਿਆਨ ਬਿਨ,
ਕੂੜ ਕੁਸੱਤ ਮੁਖਹੁ ਅਲਾਈ।
ਚੇਲੇ ਸਾਜ ਵਜਾਇੰਦੇ,
ਨਚਨ ਗੁਰੂ ਬਹੁਤ ਬਿਧਿ ਭਾਈ।
ਸੇਵਕ ਬੈਠਣ ਘਰਾਂ ਵਿਚ,
ਗੁਰ ਉਠ ਘਰੀਂ ਤਿਨਾੜੇ ਜਾਈ।



www.AKJ.Org

ਕਾਜ਼ੀ ਹੋਏ ਰਿਸ਼ਵਤੀ,
ਵੱਢੀ ਲੈ ਕੇ ਹੱਕ ਗਵਾਈ।
ਇਸਤਰੀ ਪੁਰਖੇ ਦਾਮ ਹਿਤ,
ਭਾਵੈ ਆਇ ਕਿਥਾਊ ਜਾਈ।
ਵਰਤਿਆ ਪਾਪ ਸਭਸ ਜਗ ਮਾਹੀ।

ਗੁਰੂ ਸਾਹਿਬ ਨੇ ਸੰਸਾਰ ਦੀ ਦਸ਼ਾ ਨੂੰ ਚੰਗੀ ਤਰ੍ਹਾਂ ਘੋਖਿਆ, ਪਰਖਿਆ ਤੇ ਵਿਚਾਰਿਆ ਸੀ ਅਤੇ ਦੋ ਤੁਕਾਂ ਵਿਚ ਹੀ ਇਸ ਸਾਰੀ ਦਸ਼ਾ ਦਾ ਵਾਸਤਵਿਕ ਚਿਤਰ ਇਸ ਤਰ੍ਹਾਂ ਖਿੱਚ ਵਿਖਾਇਆ ਸੀ:

ਕਲਿ ਕਾਤੀ ਰਾਜੇ ਕਸਾਈ,
ਧਰਮ ਪੰਖਿ ਕਰਿ ਉਡਰਿਆ।
ਕੂੜ ਅਮਾਵਸ ਸਚੁ ਚੰਦ੍ਰਮਾ,
ਦੀਸੈ ਨਾਹੀ ਕੈ ਚੜਿਆ।

ਮੱਸਿਆ ਦੀ ਰਾਤ ਦੇ ਇਸ ਹਨੇਰੇ ਨੂੰ ਦੂਰ ਕਰਨ ਲਈ ਸੱਚ ਦਾ ਚੰਦਰਮਾ ਚੜ੍ਹਾਉਣ ਵਾਲੇ ਬਾਬੇ ਨੇ ਵੇਖਿਆ ਕਿ :

ਚੜ੍ਹਿਆ ਸੋਧਨ ਧਰਤੁ ਲੁਕਾਈ।

ਗੁਰੂ ਨਾਨਕ ਦੇਵ ਜੀ ਨੇ ਉਤਰ, ਦੱਖਣ, ਪੂਰਬ ਅਤੇ ਪੱਛਮ ਸਭ ਪਾਸੇ ਜਾ ਕੇ ਭੁੱਲੇ ਭਟਕੇ ਲੋਕਾਂ ਨੂੰ ਸੱਚੇ ਮਾਰਗ ਤੋਂ ਜਾਣੂ ਕਰਾਇਆ। ਬਾਬਰ ਵਰਗੇ ਜਾਬਰ ਬਾਦਸ਼ਾਹਾਂ ਨੂੰ ਸਿੱਖਿਆ ਦੇਣ ਲਈ ਆਪ ਕੈਦ ਹੋਏ, ਚੱਕੀਆਂ ਪੀਸੀਆਂ ਅਤੇ ਆਪਣੇ ਤਨ ਉਤੇ ਕਸ਼ਟ ਸਹਾਰੇ।

ਬ੍ਰਾਹਮਣਾਂ ਦੇ ਫੈਲਾਏ ਕਰਮ ਕਾਂਡਾਂ ਦੇ ਜਾਲ ਨੂੰ ਆਪ ਨੇ ਪੂਰੀ ਤਰ੍ਹਾਂ ਤੋੜ ਕੇ ਰੱਖ ਦਿਤਾ। ਕਿੰਨੀ ਭਾਰੀ ਟੋਕ ਹੈ ਇਹਨਾਂ ਸ਼ਬਦਾਂ ਵਿਚ :

ਧੋਤੀ ਟਿਕਾ ਤੇ ਜਪਮਾਲੀ, ਧਾਨ ਮਲੇਛਾ ਖਾਈ।
ਅੰਤਰਿ ਪੂਜਾ ਪੜਹਿ ਕਤੇਬਾ, ਸੰਜਮ ਤੁਰਕਾ ਭਾਈ।
ਛੋਡੀ ਲੇ ਪਖੰਡਾ।

ਜੇ ਪਾਖੰਡ ਛਡੇ ਤਾਂ ਕਿਸ ਮਾਰਗ ਤੇ ਚੱਲੇ ? ਆਪ ਨੇ ਨਾਲ ਹੀ ਫੁਰਮਾਇਆ :

ਨਾਮ ਲਇਐ ਜਾਹਿ ਤਰੰਦਾ।

ਸਿੱਧਾਂ ਤੇ ਜੋਗੀਆਂ ਦੇ ਪਾਖੰਡਾਂ ਤੇ ਭੇਖਾਂ ਤੋਂ ਪਰਦਾ ਲਾਹ ਕੇ ਲੋਕਾਂ ਨੂੰ ਉਹਨਾਂ ਦਾ ਸਹੀ ਰੂਪ ਵਿਖਾਇਆ :

ਜੋਗੀ ਗਿਰਹੀ ਜਟਾ ਬਿਭੂਤ।
ਆਗੈ ਪਾਛੈ ਰੋਵਹਿ ਪੂਤ।
ਜੋਗ ਨ ਪਾਇਆ ਜੁਗਤਿ ਗਵਾਈ।
ਕਿਤੁ ਕਾਰਣਿ ਸਿਰ ਛਾਈ ਪਾਈ।

ਇਕਿ ਕੰਦ ਮੂਲੁ ਚੁਣਿ ਖਾਹਿ ਵਣ ਖੰਡਿ ਵਾਸਾ।
ਇਕ ਭਗਵਾ ਵੇਸੁ ਕਰਿ ਫਿਰਹਿ ਜੋਗੀ ਸੰਨਿਆਸਾ।
ਅੰਦਰਿ ਤ੍ਰਿਸਨਾ ਬਹੁਤੁ ਛਾਦਨ ਭੋਜਨ ਕੀ ਆਸਾ।
ਬਿਰਥਾ ਜਨਮੁ ਗਵਾਇ ਨ ਗਿਰਹੀ ਨ ਉਦਾਸਾ।

ਇਸ ਤਰ੍ਹਾਂ ਬਿਰਥਾ ਜਨਮ ਗਵਾ ਰਹੇ ਜੋਗੀਆਂ ਨੂੰ ਆਪ ਨੇ ਕਿੰਨਾ ਸੋਹਣਾ ਉਪਦੇਸ਼ ਦੇ ਕੇ ਸਿੱਧੇ ਰਸਤੇ ਚੱਲਣ ਲਈ ਆਖਿਆ :

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ
ਧਿਆਨ ਕੀ ਕਰਹਿ ਬਿਭੂਤਿ।
ਖਿੰਥਾ ਕਾਲੁ ਕੁਆਰੀ ਕਾਇਆ
ਜੁਗਤਿ ਡੰਡਾ ਪਰਤੀਤਿ।
ਆਈ ਪੰਥੀ ਸਗਲ ਜਮਾਤੀ
ਮਨਿ ਜੀਤੈ ਜਗੁ ਜੀਤੁ।

ਸਮਾਜਕ ਰਹੁ-ਰੀਤਾਂ ਦੀ ਆਪ ਨੇ ਕਰੜੀ ਆਲੋਚਨਾ ਕੀਤੀ। ਸਮਾਜਕ ਜੀਵਨ ਦੇ ਹਰ ਪੱਖ ਨੂੰ ਘੋਖਿਆ, ਪਰਖਿਆ ਅਤੇ ਸਹੀ ਮਾਰਗ ਦੀ ਸੋਝੀ ਕਰਾਈ। ਜ਼ਾਤ ਪਾਤ ਦੀ ਵਿਰੋਧਤਾ ਕਰਦਿਆਂ



www.AKJ.Org

ਹੋਇਆਂ ਆਪ ਤੇ ਸ਼ੂਦਰ ਸਮਝੇ ਜਾਂਦੇ ਲੋਕਾਂ ਨੂੰ ਵਡਿਆਉਣ ਲਈ ਇਥੋਂ ਤੱਕ ਆਖਿਆ :

ਨੀਚਾ ਅੰਦਰ ਨੀਚ ਜਾਤ ਨੀਚੀ ਹੂ ਅਤਿ ਨੀਚ ॥
ਨਾਨਕ ਤਿਨਕੈ ਸੰਗ ਸਾਥ ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨ ਤਿਥੈ ਨਦਰਿ ਤੇਰੀ ਬਖਸੀਸ ॥

ਆਪ ਨੇ ਇਹ ਕੁਝ ਆਖਿਆ ਹੀ ਨਹੀਂ ਸਗੋਂ ਕਰਕੇ ਵਿਖਾਇਆ । ਮਲਕ ਭਾਗੋ ਦੇ ਪੂੜਿਆਂ ਨੂੰ ਛੱਡ ਕੇ ਆਪ ਨੇ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਪ੍ਰਵਾਨ ਕਰਕੇ ਉਚ ਨੀਚ ਦੇ ਭੇਦ ਨੂੰ ਮਿਟਾਇਆ । ਮਰਾਸੀ ਮਰਦਾਨੇ ਨੂੰ ਆਪਣਾ ਰਬਾਬੀ ਬਣਾ ਕੇ ਹਿੰਦੂ ਮੁਸਲਮਾਨ ਦੇ ਵਖੇਵੇਂ ਦੂਰ ਕੀਤੇ । ਜਿੱਥੇ ਆਪ ਨੇ ਪੰਡਿਤਾਂ ਤੇ ਬ੍ਰਹਾਮਣ ਬਣਨ ਦੀ ਜਾਚ ਸਿਖਾਈ, ਉਥੇ ਰਾਜ ਦੇ ਨਸ਼ੇ ਵਿਚ ਚੂਰ ਹੋਈ ਮੁਸਲਮਾਨ ਕੌਮ ਨੂੰ ਵੀ ਸੱਚੇ ਮੁਸਲਮਾਨ ਬਣਨ ਦਾ ਉਪਦੇਸ਼ ਦਿਤਾ:

ਮੁਸਲਮਾਣੁ ਕਹਾਵਣੁ ਮੁਸਕਲੁ
ਜਾ ਹੋਇ ਤਾ ਮੁਸਲਮਾਣੁ ਕਹਾਵੈ ।
ਅਵਲਿ ਅਉਲਿ ਦੀਨੁ ਕਰਿ ਮਿਠਾ
ਮਸਕਲ ਮਾਨਾ ਮਾਲ ਮੁਸਾਵੈ ।
ਹੋਇ ਮੁਸਲਿਮ ਦੀਨੁ ਮੁਹਾਣੈ
ਮਰਣ ਜੀਵਣ ਕਾ ਭਰਮੁ ਚੁਕਾਵੈ ।
ਰਬ ਕੀ ਰਜਾਇ ਮੰਨੇ ਸਿਰ ਉਪਰਿ
ਕਰਤਾ ਮੰਨੇ ਆਪ ਗਵਾਵੈ ।
ਤਉ ਨਾਨਕ ਸਰਬ ਜੀਆ
ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ।

ਗੱਲ ਕੀ ਗੁਰੂ ਸਾਹਿਬ ਨੇ ਸੰਸਾਰਕ ਜੀਵਾਂ ਦੇ ਧੁੰਧਲੇ ਆਕਾਸ਼ ਵਿਚ ਸੱਚ ਦਾ ਸੂਰਜ ਬਣਕੇ ਚਮਕ ਦਿਖਾਈ ਅਤੇ ਗਿਆਨ ਭਰਪੂਰ ਬਾਣੀ ਨਾਲ ਉਨ੍ਹਾਂ ਦੇ ਹਿਰਦਿਆਂ ਨੂੰ ਰੌਸ਼ਨ ਕੀਤਾ । ਇਸ ਰੌਸ਼ਨੀ ਨਾਲ ਭਰਮਾਂ, ਭੁਲੇਖਿਆਂ ਤੇ ਅੰਧ ਵਿਸ਼ਵਾਸ਼ਾਂ ਦੀ ਧੁੰਧ ਮਿਟਦੀ ਗਈ ਅਤੇ ਭੁੱਲੀ ਭਟਕੀ ਜਨਤਾ ਨੇ ਉਤਸਾ-ਹਿਤ ਹੋ ਕੇ ਨਵੇਂ ਚਾਨਣ ਵਿਚ ਪਰਵੇਸ਼ ਕੀਤਾ, ਤਾਂ ਹੀ ਭਾਈ ਗੁਰਦਾਸ ਜੀ ਨੇ ਫੁਰਮਾਇਆ ਹੈ :

ਸਤਿਗੁਰ ਨਾਨਕ ਪਰਗਟਿਆ,
ਮਿਟੀ ਧੁੰਧ ਜਗ ਚਾਨਣ ਹੋਆ ।
ਜਿਉ ਕਰਿ ਸੂਰਜ ਨਿਕਲਿਆ,
ਤਾਰੇ ਛਿਪੇ ਅੰਧੇਰ ਪਲੋਆ ।


## ਫੁਲਬਹਿਰੀ ਸਫ਼ੈਦ ਦਾਗ਼ਾਂ ਦਾ ਮੁਕੰਮਲ ਇਲਾਜ

ਫੁਲਬਹਿਰੀ ਸਫ਼ੈਦ ਦਾਗ਼ਾਂ ਦੇ ਪੂਰੇ ਇਲਾਜ ਲਈ ਖ਼ਾਨਦਾਨੀ ਹਕੀ[ਮ] ਡਾ: ਐਚ.ਐਸ. ਕਟਾਰੀਆ ਨੂੰ ਮਿਲੋ, ਜਿਨ੍ਹਾਂ ਦੇ ਇਲਾਜ ਨਾਲ ਫੁਲਬਹਿਰ[ੀ] ਦੇ ਸਾਰੇ ਚਿੱਟੇ ਦਾਗ਼ ਮਿਟ ਕੇ ਸਰੀਰ ਦੀ ਚਮੜੀ ਆਪਣੇ ਅਸਲੀ ਰੂਪ ਵਿ[ਚ] ਆ ਜਾਂਦੀ ਹੈ । ਪੂਰੀ ਜਾਣਕਾਰੀ ਲਈ ਹੇਠ ਲਿਖੇ ਪਤੇ ਤੇ ਮਿਲੋ ਜਾਂ ਲਿਖੋ।

### ਕਟਾਰੀਆ ਸ਼ਫ਼ਾਖ਼ਾਨਾ

ਪੀਲੀ ਸੜਕ, ਰਾਘੋਮਾਜਰਾ, ਪਟਿਆਲਾ ।




www.AKJ.org

# * ਨਾਨਕ ਕੈ ਘਰਿ ਕੇਵਲ ਨਾਮੁ *

(ਵਲੋਂ–ਭਾ: ਜਗਤਾਰ ਸਿੰਘ ਜੀ, ਰੇਲਵੇ ਗਾਰਡ, ਕੋਟਾ (ਰਾਜਿਸਥਾਨ)

ਸਿਖ ਧਰਮ ਦਾ ਅਧਿਅਨ ਕਰੀਏ ਤਾਂ ਸਮੁੱਚੀ ਸਿਖ ਵਿਚਾਰਧਾਰਾ ਦਾ ਸਾਰਤੱਤ ਇਕੋ ਨਿਕਲਦਾ ਹੈ ਤੇ ਉਹ ਹੈ 'ਨਾਮ'। ਗੁਰੂ ਨਾਨਕ ਸਾਹਿਬ ਜੀ ਦਾ ਸਾਰਾ ਉਪਦੇਸ਼ ਕੇਵਲ 'ਨਾਮ' ਦਾ ਹੀ ਉਪਦੇਸ਼ ਹੈ ਤੇ ਗੁਰੂ ਗਰੰਥ ਸਾਹਿਬ ਜੀ ਦੀ ਬਾਣੀ ਨਾਮ ਦਾ ਹੀ ਵਿਸਥਾਰ ਹੈ। 'ਨਾਮ' ਮਾਨੋ ਸਿਖ ਫਿਲਾਂਸਫ਼ੀ ਦਾ ਧੁਰਾ ਹੈ ਜਿਸ ਦੇ ਦੁਆਲੇ ਹੀ ਕੇਵਲ ਸਿਖ ਧਾਰਮਿਕ ਵਿਚਾਰਧਾਰਾ ਘੁੰਮਦੀ ਹੈ ਗੁਰੂ ਉਪਦੇਸ਼ ਨਾਮ ਜਪਨ ਨੂੰ ਹੋਰ ਸ਼ੁਭ ਕਰਮਾਂ ਵਾਂਗ ਹੀ ਇਕ ਕਰਮ ਨਹੀਂ ਦਰਸਾਉਂਦੇ ਸਗੋਂ ਕਰਮਨ ਸਿਰ ਕਰਮ ਉਪਦੇਸ਼ਦਾ ਹੈ। ਨਾਮ ਕੇਵਲ ਰਸਨਾ ਦੁਆਰਾ ਜਪਨ ਤਕ ਹੀ ਸੀਮਤ ਨਹੀਂ, ਬਲਕਿ ਰਸਨਾ ਦੁਆਰਾ ਲਗਾਤਾਰ ਰਟਣ, ਕੰਨਾਂ ਦੁਆਰਾ ਕੇਵਲ ਨਾਮ ਹੀ ਸੁਨਣ, ਸੁਰਤੀ ਦੁਆਰਾ ਕੇਵਲ ਨਾਮ ਹੀ ਧਿਆਵਣ, ਹਿਰਦੇ ਵਿਚ ਨਾਮ ਹੀ ਵਸਾਵਣ ਤੇ ਸਹਜੇ ਸਹਜੇ ਨਾਮ ਵਿਚ ਹੀ ਸਮਾ ਜਾਣ; ਤੇ ਜਪਣਹਾਰੇ ਦੇ ਨਿਜ-ਆਤਮੇ ਦਾ ਸਰਬ-ਵਿਆਪਕ ਜਾਗਤ ਜੋਤਿ ਵਿਚ ਲੀਨ ਹੋ ਜਾਣਾ ਇਹ ਸਿਖੀ ਨਿਸ਼ਾਨਾ ਹੈ। ਨਾਮ ਦੀ ਅਹਿਮੀਅਤ ਲਈ ਦੇਖੋ ਗੁਰਬਾਣੀ ਦੀਆਂ ਇਹ ਤੁਕਾਂ :

ਹਰਿਨਾਮੁ ਹਮਾਰਾ ਪ੍ਰਭ ਅਬਿਗਤੁ ਅਗੋਚਰੁ
ਅਬਿਨਾਸੀ ਪੁਰਖ ਬਿਧਾਤਾ।
ਹਰਿਨਾਮੁ ਹਮ ਸ੍ਰੇਵਹ, ਹਰਿਨਾਮੁ ਹਮ ਪੂਜਹ,
ਹਰਿਨਾਮੇ ਹੀ ਮਨੁ ਰਾਤਾ।
ਹਰਿਨਾਮੈ ਜੇਵਡੁ ਕੋਈ ਅਵਰੁ ਨ ਸੂਝੈ,
ਹਰਿਨਾਮੋ ਅੰਤਿ ਛਡਾਤਾ ..........................।
ਹਰਿਨਾਮੁ ਹਮਾਰਾ ਭੋਜਨੁ ਛਤੀਹ ਪਰਕਾਰ,
ਜਿਤੁ ਖਾਈਐ ਹਮ ਕਉ ਤ੍ਰਿਪਤ ਭਈ।
ਹਰਿਨਾਮੁ ਹਮਾਰਾ ਪੈਨਣੁ, ਜਿਤ ਫਿਰਿ ਨੰਗੇ ਨ ਹੋਵਹ,
ਹੋਰ ਪੈਨਣ ਕੀ ਹਮਾਰੀ ਸਰਧ ਗਈ।
ਹਰਿਨਾਮੁ ਹਮਾਰਾ ਵਣਜੁ, ਹਰਿਨਾਮੁ ਵਾਪਾਰ,
ਹਰਿਨਾਮੈ ਕੀ ਹਮ ਕਉ ਸਤਿਗੁਰਿ ਕਾਰਕੁਨੀ ਦੀਈ।
ਹਰਿਨਾਮੈ ਕਾ ਹਮ ਲੇਖਾ ਲਿਖਿਆ,
ਸਭ ਜਮ ਕੀ ਅਗਲੀ ਕਾਣਿ ਗਈ।
... ... ... ...

ਆਨਦ ਰੰਗ ਬਿਨੋਦ ਹਮਾਰੈ,
ਨਾਮੋ ਗਾਵਨੁ ਨਾਮੁ ਧਿਆਵਨੁ,
ਨਾਮੁ ਹਮਾਰੇ ਪ੍ਰਾਨ ਅਧਾਰੈ॥ ੧॥ ਰਹਾਉ॥
ਨਾਮੋ ਗਿਆਨ ਨਾਮੁ ਇਸਨਾਨਾ,
ਹਰਿਨਾਮੁ ਹਮਾਰੇ ਕਾਰਜ ਸਵਾਰੈ॥
ਹਰਿਨਾਮੋ ਸੋਭਾ ਨਾਮੁ ਬਡਾਈ,
ਭਉਜਲ ਬਿਖਮੁ ਨਾਮੁ ਹਰ ਤਾਰੈ॥
ਅਗਮ ਪਦਾਰਥ ਲਾਲ ਅਮੋਲਾ,
ਭਇਓ ਪਰਾਪਿਤ ਗੁਰ ਚਰਨਾਰੈ॥
ਕਹੁ ਨਾਨਕ ਪ੍ਰਭ ਭਏ ਕ੍ਰਿਪਾਲਾ,
ਮਗਨ ਭਏ ਹੀਅਰੈ ਦਰਸਾਰੈ॥
ਪਾਰਜਾਤੁ ਇਹੁ ਹਰਿ ਹਰਿ ਗੁਣ ਗਾਮ॥


www.AKJ.Org

ਸਰਬ ਰੋਗ ਕਾ ਅਉਖਦੁ ਨਾਮੁ,
ਕਲਿਆਣ ਰੂਪ ਮੰਗਲ ਗੁਣ ਗਾਮ ॥
ਜਪਹੁ ਤ ਏਕੋ ਨਾਮਾ, ਅਵਰਿ ਨਿਰਾਫਲ ਕਾਮਾ ।
ਨਾਮ ਬਿਨਾ ਸਭਿ, ਕੂੜ ਗਾਲੀ ਹੋਛੀਆ ।

## ਨਾਮ ਕਿਉਂ ?

ਲੋੜ ਦਰਅਸਲ ਮਨੁੱਖ ਨੂੰ ਸੁੱਖ ਦੀ ਹੈ । ਸੁਖ ਦੀ ਲੋੜ ਹੀ ਕੇਵਲ ਮਨੁੱਖ ਦੇ ਹਰ ਸੁਚੇਤ ਅਚੇਤ ਉਦਮ ਦਾ ਕਾਰਣ ਹੈ । ਮਨੁੱਖ ਦੀ ਸੋਚ ਤੇ ਹਰ ਹਰਕਤ ਪਿਛੇ ਇਹ ਇਕ 'ਸੁਖ ਦੀ ਭਾਲ' ਹੀ ਕੰਮ ਕਰ ਰਹੀ ਹੈ । ਇਸੇ ਕਲਪਨਾ ਨੇ ਆਦਿ ਤੋਂ ਮਨੁੱਖੀ ਦਿਮਾਗ ਨੂੰ ਅਨੇਕ ਪਾਸੇ ਲਾਇਆ ਹੈ ਤੇ ਮਨੁੱਖੀ ਪੈਰਾਂ ਨੂੰ ਪਾਸੇ ਭਜਾਇਆ ਹੈ । ਤਰ੍ਹਾਂ ਤਰ੍ਹਾਂ ਦੀ ਸੰਸਾਰਿਕ ਸਮਗ੍ਰੀ ਦੀ ਪ੍ਰਾਪਤੀ ਤੇ ਤਰ੍ਹਾਂ ਤਰ੍ਹਾਂ ਦੇ ਵਿਗਿਆਨ ਦਾ ਵਿਕਾਸ ਮਨੁੱਖ ਨੇ ਸੁਖ ਭਾਲਣ ਲਈ ਹੀ ਕੀਤਾ ਹੈ । ਪਰ ਸ਼ੋਕ ਸੱਚੇ ਸੁਖ ਦੀ ਪ੍ਰਾਪਤੀ ਮਨੁੱਖੀ ਮਨ ਨੂੰ ਨਾ ਹੋ ਸਕੀ । ਅਸੱਚ ਵਿਚੋਂ ਸੱਚਾ ਸੁਖ ਕਿਥੇ ਲਭਣਾ ਸੀ ? ਸੰਸਾਰ ਹਰ ਛਿਨ ਬਦਲ ਰਿਹਾ ਹੈ । ਤਬਦੀਲੀ ਪ੍ਰਕਿਰਤੀ ਦਾ ਅਸੂਲ ਹੈ । ਅਪਣੀ ਨੱਸ ਭੱਜ ਵਿਚ ਜੇ ਕਿਧਰੇ ਸੁਖ ਦੀ ਝਲਕ ਮਨੁੱਖ ਨੂੰ ਪਈ ਵੀ ਤਾਂ ਛਿਨ-ਭੰਗਰੀ ।

ਸੁਖੁ ਨਾਹੀ ਬਹੁਤੈ ਧਨਿ ਖਾਟੇ ।
ਸੁਖੁ ਨਾਹੀ ਪੇਖੇ ਨਿਰਿਤ ਨਾਟੇ ।
ਸੁਖੁ ਨਾਹੀ ਬਹੁ ਦੇਸ ਕਮਾਏ ।
ਸਰਬ ਸੁਖਾ ਹਰਿ ਹਰਿ ਗੁਣ ਗਾਏ ।

ਸੁਖ ਦੀ ਗਲਤ ਪਾਸੇ ਭਾਲ ਨੂੰ ਮਨੁਖ ਨੇ ਕਈ ਵਾਰ ਸਮਝਿਆ ਵੀ ਤੇ ਸੱਚੇ ਸੁਖ ਲਈ ਸੱਚ ਦੀ ਤਲਾਸ਼ ਵੀ ਕੀਤੀ । ਸੱਚ ਵਲ ਪਰਤੀ ਮਨੁਖੀ ਰੁਚੀ ਨੇ ਕਈ ਤਰ੍ਹਾਂ ਦੇ ਫ਼ਲਸਫ਼ੇ ਘੜੇ ਤੇ ਕਈ ਤਰ੍ਹਾਂ ਦੇ ਅਧਿਆਤਮਵਾਦ ਚਲਾਏ, ਜਿਨ੍ਹਾਂ ਤੋਂ ਕਈ ਤਰ੍ਹਾਂ ਧਰਮਾਂ ਦੀਆਂ ਨੀਹਾਂ ਬਣੀਆਂ ਤੇ ਅਣਗਿਣਤ ਲੋ ਇਹਨਾਂ ਧਾਰਮਿਕ ਅਥਵਾ ਅਧਿਆਤਮਕ ਲੀਹਾਂ ਤੇ ਟੁਰੇ ਤੇ ਟੁਰੀ ਜਾ ਰਹੇ ਹਨ, ਪਰ 'ਸੱਚ ਕਿਨਾਰੇ ਰ ਗਿਆ', ਨਾ ਸੱਚ ਲਭਾ ਨਾ ਸੁਖ ਦੀ ਪ੍ਰਾਪਤੀ ਹੋਈ 'ਸੱਚ ਕਿਨਾਰੇ ਰਹਿ ਗਿਆ' ਕਿਉਂਕਿ ਇਹ ਸ ਯਤਨ ਤਾਂ ਮੰਝਧਾਰ ਵਿਚ ਹੀ ਰਖਣ ਵਾਲੇ ਸਨ

ਯਥਾ:—

ਪਾਠੁ ਪੜਿਓ ਅਰੁ ਬੇਦੁ ਬੀਚਾਰਿਓ,
ਨਿਵਲਿ ਭੁਅੰਗਮ ਸਾਧੇ ।
ਪੰਚ ਜਨਾ ਸਿਉ ਸੰਗ ਨ ਛੁਟਕਿਉ,
ਅਧਿਕ ਅੰਹਬੁਧਿ ਬਾਧੇ ।
ਪਿਆਰੇ ਇਨ ਬਿਧਿ ਮਿਲਣ ਨ ਜਾਈ,
ਮੈ ਕੀਏ ਕਰਮ ਅਨੇਕਾ ।
... ... ... ...

ਪੂਜਾ ਅਰਚਾ ਬੰਧਣ ਡੰਡਉਤ,
ਖਟੁ ਕਰਮਾ ਰਤੁ ਰਹਤਾ ।
ਹਉ ਹਉ ਕਰਤ ਬੰਧਨ ਮਹਿ ਪਰਿਆ,
ਨਹ ਮਿਲੀਐ ਇਹ ਜੁਗਤਾ ।
ਜੋਗ ਸਿਧ ਆਸਣ ਚਉਰਾਸੀਹ,
ਏ ਭੀ ਕਰਿ ਕਰਿ ਰਹਿਆ ।
ਵਡੀ ਆਰਜਾ ਫਿਰਿ ਜਨਮੈ,
ਹਰਿ ਸਿਉ ਸੰਗ ਨ ਗਹਿਆ ।
ਕਾਹੂ ਜੋਗ, ਕਾਹੂ ਭੋਗ, ਕਾਹੂ ਗਿਆਨ,
ਕਾਹੂ ਧਿਆਨ, ਕਾਹੂ ਹੋ ਡੰਡ ਧਰਿਹੋ ।
ਕਾਹੂ ਜਾਪ, ਕਾਹੂ ਤਾਪ, ਕਾਹੂ ਪੂਜਾ ਹੋਮ ਨੇ
ਕਾਹੂ ਹੋ ਗਉਨ ਕਰਿਹੋ ।


www.AKJ.org

ਕਾਹੂ ਤੀਰ,ਕਾਹੂ ਨੀਰ,ਕਾਹੂ ਬੇਦ ਬੀਚਾਰ,
ਨਾਨਕਾ ਭਗਤਿ ਪ੍ਰਿਅ ਹੈ ।
ਜਾਪ ਤਾਪ ਨੇਮ ਸੁਚਿ ਸੰਜਮ,
ਨਹੀ ਇਨ ਬਿਧੇ ਛੁਟਕਾਰ ।

ਸੱਚੇ ਸੁਖ ਦੀ ਪ੍ਰਾਪਤੀ ਤਾਂ 'ਸੱਚ' ਦੀ ਪ੍ਰਾਪਤੀ ਤੋਂ ਹੋਣੀ ਸੀ, ਤੇ ਸੱਚ ਦੀ ਪ੍ਰਾਪਤੀ ਸੱਚ ਦੀ ਅਰਾਧਣਾ ਤੋਂ । ਸੱਚ ਦੀ ਅਰਾਧਣਾ ਦਾ ਵਾਹਦ ਮਾਰਗ 'ਨਾਮ ਮਾਰਗ' ਹੀ ਹੈ । ਨਾਮੀ ਨੂੰ ਮੇਲਨਹਾਰ ਕੇਵਲ ਨਾਮ ਹੀ ਹੈ ।

ਨਾਮ ਜਪਣ ਦਾ ਰਿਵਾਜ ਗੁਰੂ ਸਾਹਿਬ ਤੋਂ ਪਹਿਲੋਂ ਵੀ ਹੈ ਸੀ, ਪਰ ਗੁਰੂ ਸਾਹਿਬ ਦਾ ਮਾਰਗ ਵਿਲੱਖਣ ਹੈ । 'ਕਿਰਤਮ ਨਾਮ ਜਪੇ ਤੇਰੇ ਜਿਹਵਾ, ਸਤਿਨਾਮ ਤੇਰਾ ਪਰਾ ਪੂਰਬਲਾ' । ਲੋਕ-ਬੋਲੀ ਦੇ ਅਣਗਿਣਤ ਨਾਮ ਲੋਕ ਜਪਦੇ ਸਨ ਤੇ ਜਪਦੇ ਹਨ, ਪਰ ਉਹ ਸਾਰੇ ਕਿਰਤਮ ਨਾਮ ਹਨ ਤੇ ਸਤਿਨਾਮ ਕੇਵਲ ਗੁਰੂ ਨਾਨਕ ਸਾਹਿਬ ਨੇ ਧੁਰੋਂ ਲਿਆ ਕੇ ਸੰਸਾਰੀ ਜੀਵਾਂ ਨੂੰ ਬਖਸ਼ਿਆ । ਸਤਿ ਉਸੇ ਵਸਤੂ ਨੂੰ ਕਹਿ ਸਕੀਦਾ ਹੈ ਜੋ ਤ੍ਰੈਕਾਲ ਅਚਲ ਤੇ ਸਦੀਵ ਕਾਇਮ ਰਹੇ ਤੇ ਗੁਰੂ ਨਾਨਕ ਸਾਹਿਬ ਦਾ ਬਖਸ਼ਿਆ ਨਾਮ ਅਣ ਅਣ ਕਿਰਤਮ ਨਾਮਾ ਨਾਲੋਂ ਵਲਖਣ, ਕੋਈ ਵਾਸਵਿਕ ਹੋਂਦ ਹੈ, ਕੋਈ ਸੱਤਾ ਹੈ ਜੋ ਨਾਮੀ ਦੀ ਤਰਾਂ ਸਤਿ ਹੈ, ਤੇ ਸੱਚ ਤਕ ਮਨੁੱਖ ਦੀ ਰਸਾਈ ਕਰਨ ਦੇ ਸਮਰੱਥ ਹੈ । ਜਾਂ ਇਉਂ ਕਹੋ ਅਣ ਅਣ ਮਾਰਗ ਕੇਵਲ ਨਾਮ-ਮਾਰਗ ਹਨ ਤੇ ਗੁਰੂ ਸਾਹਿਬ ਦਾ ਦਰਸਾਇਆ 'ਸਤਿਨਾਮ ਮਾਰਗ' ਹੈ, ਤੇ ਇਹ ਮਾਰਗ ਹੀ ਕੇਵਲ ਸੰਸਾਰ ਨੂੰ ਕਲਿਆਣ ਬਖਸ਼ਨ ਯੋਗ ਹੈ । ਯਥਾ:–

ਖੋਜਹਿ ਅਸੰਖਾ ਅਨਿਕਤ ਪੰਥਾ,
ਬਿਨ ਗੁਰੁ ਨਹੀਂ ਪਹੂਚਾ ।

ਸੱਚੀ ਦਰਗਾਹੋਂ ਆਏ ਸੱਚੇ ਨਾਮ ਦੀ ਪ੍ਰਾਪਤੀ, ਸੱਚੇ-ਗੁਰੂ, ਗੁਰੂ ਨਾਨਕ ਸਾਹਿਬ ਦੇ ਦਰੋਂ ਕੀਤਿਆਂ ਤੇ ਕਮਾਇਆਂ ਹੀ ਕੇਵਲ ਸੱਚ ਦੀ ਪ੍ਰਾਪਤੀ ਤੇ ਸੱਚ ਵਿਚ ਸਮਾਈ ਹੋ ਸਕਦੀ ਹੈ ।

# ਨਾਮ ਦੀ ਪ੍ਰਾਪਤੀ ਕਿਵੇਂ ?

ਨਾਮ ਕੋਈ ਐਸੀ ਵਸਤ ਨਹੀਂ ਜੋ ਸੁਣੇ ਸੁਣਾਏ ਜਪਿਆ ਜਾਏ ਜਾਂ ਤਰਾਂ ਤਰਾਂ ਦੇ ਸਾਧਾਂ ਸੰਤਾਂ ਪਾਸੋਂ ਨਾਮ ਤੇ ਨਾਮ ਦੀਆਂ ਜੁਗਤੀਆਂ ਸਿਖੀਆਂ ਜਾਣ । ਨਾਮ ਦੀ ਪ੍ਰਾਪਤੀ ਕੇਵਲ ਗੁਰਦੇਵ ਪਾਸੋਂ ਹੁੰਦੀ ਹੈ, ਜੋ ਨਿਸਚਿਤ ਮਰਯਾਦਾ ਅਨੁਸਾਰ ਕੀਤੀ ਜਾਂਦੀ ਹੈ । ਮਰਯਾਦਾ ਪੂਰਬਕ ਨਾਮ ਪ੍ਰਾਪਤ ਕੀਤਾ ਨਾਮ ਹੀ ਗੁਰੂ ਬਖਸ਼ਿਸ਼ ਦੁਆਰਾ ਫਲੀਭੂਤ ਹੋ ਸਕਦਾ ਹੈ । ਨਹੀਂ ਤਾਂ ਆਪਣੀਆਂ ਉਕਤੀਆਂ ਜੁਗਤੀਆਂ ਤੇ ਭੇਖੀ ਗੁਰੂਆਂ ਦੀਆਂ ਦਸੀਆਂ ਜੁਗਤੀਆਂ ਤਾਂ ਭੰਬਲ ਭੂਸੇ ਹੀ ਹਨ । ਆਦਿ ਗੁਰੂ ਜੀ ਨੇ ਨਾਮ ਦੀ ਬਖਸ਼ਿਸ਼ ਦੀ ਮਰਯਾਦਾ ਜਾਚਕਾਂ ਨੂੰ ਚਰਨ ਪਾਹੁਲ ਬਖਸ਼ ਨੇ ਕੀਤੀ, ਤੇ ਚਰਨਾਮ੍ਰਿਤ ਵਾਲੀ ਮਰਯਾਦਾ ਸਮੂਹ ਗੁਰੂ ਵਿਅਕਤੀਆਂ ਤਕ ਪਰਚਲਤ ਰਹੀ । ਦਸਮੇਸ਼ ਜੀ ਨੇ ਖਾਲਸਾ ਸਾਜਣ ਸਮੇਂ ਗੁਰਮੰਤ੍ਰ ਬਖਸ਼ਨ ਦੀ ਪਦਵੀ ਪੰਜ ਪਿਆਰਿਆਂ ਨੂੰ ਬਖਸ਼ ਦਿਤੀ । ਫੇਰ ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਗੁਰਤਾ ਬਖਸ਼ ਕੇ ਸਦੀਵ ਸਮੇਂ ਲਈ ਜੁਗੋ ਜੁਗੋ ਅਟਲ ਗੁਰੂ ਗਰੰਥ ਸਾਹਿਬ ਜੀ ਦੀ ਤਾਬਿਆ ਪੰਜ ਪਿਆਰਿਆਂ ਨੂੰ ਪਾਹੁਲ ਦੇਣ ਤੇ ਗੁਰਮੰਤ੍ਰ ਦੇਣ ਦੀ ਪਦਵੀ ਸੌਂਪ ਦਿਤੀ । ਤਾਂ ਤੇ ਨਾਮ ਦੀ ਪ੍ਰਾਪਤੀ ਕੇਵਲ ਪੰਚ ਪਰਵਾਨ ਪੰਚ ਪਰਧਾਨ ਪੰਜ ਪਿਆਰਿਆਂ ਪਾਸੋਂ ਗੁਰੂ ਗਰੰਥ ਸਾਹਿਬ ਦੀ ਤਾਬਿਆ ਹੀ ਕੀਤੀ ਜਾ ਸਕਦੀ ਹੈ । ਜੀਵ ਸੱਚ ਦਾ ਮੁਤਲਾਸ਼ੀ ਹੋਵੇ, ਸੱਚੇ ਨਾਮ ਦਾ ਸਿਦਕਵਾਨ ਜਾਚਿਕ ਹੋਵੇ ਤੇ ਨਾਮ ਦੀ ਪ੍ਰਾਪਤੀ ਸੱਚੀ ਮਰਯਾਦਾ ਅਨੁਸਾਰ ਪੰਜਾਂ ਪਿਆਰਿਆਂ ਪਾਸੋਂ ਕਰੇ, ਤੇ ਗੁਰੂ ਰੂਪ ਪੰਚਮ ਤੋਂ ਪਾਹੁਲ ਲੈ ਕੇ ਨਾਮ ਵਿਚ ਜੁਟੇ । ਇਹੋ ਹੀ ਸੱਚ ਦੀ ਸੱਚੀ ਅਰਾਧਨਾ ਹੈ ਤੇ ਸੱਚ ਦੀ ਪ੍ਰਾਪਤੀ ਦਾ ਸੱਚਾ ਮਾਰਗ ਹੈ ।

ਹਰਿ ਕੀ ਟਹਿਲ ਕਮਾਵਣੀ,
ਜਪੀਐ ਪ੍ਰਭ ਕਾ ਨਾਮ ॥
ਗੁਰ ਪੂਰੇ ਤੇ ਪਾਇਆ,
ਨਾਨਕ ਸੁਖ ਬਿਸ੍ਰਾਮੁ ॥


www.AKJ.org

# ਗੁਰੂ ਨਾਨਕ ਦੀ ਨਿਮਰਤਾ

(ਵਲੋਂ—ਸ: ਤਾਰਾ ਸਿੰਘ ਜੀ, ਐਮ.ਏ.,ਬੀ.ਟੀ. ਕਪੂਰਥਲਾ)

ਗੁਰੂ ਨਾਨਕ ਦੇਵ ਜੀ ਨੂੰ ਅਕਾਲਪੁਰਖ ਨੇ ਐਸੇ ਸਮੇਂ ਸੰਸਾਰ ਵਿਚ ਭੇਜਿਆ ਜਦੋਂ ਚਾਰੇ ਪਾਸੇ ਅੰਧਕਾਰ ਸੀ, ਅਨਿਆਇਸੀ ਅੱਗ ਸੀ ਅਤੇ ਇਸ ਅੱਗ ਰੂਪੀ ਰਥ ਦਾ ਰਥਵਾਨ ਕੂੜਿ, ਕੁਸੱਤ ਅਤੇ ਝੂਠ ਸੀ।

ਆਪ ਨੇ ਆਪਣੀ ਚਾਨਣ-ਰੂਪੀ ਸ਼ਖਸੀਅਤ ਰਾਹੀਂ ਇਸ ਅੰਧਕਾਰ ਦਾ ਵਿਨਾਸ਼ ਕੀਤਾ। ਅਨਿ-ਆਇ ਵਿਰੁੱਧ ਕ੍ਰਾਂਤੀਕਾਰੀ ਆਵਾਜ਼ ਉਠਾਈ ਅਤੇ ਕੁਸੱਤ ਨੂੰ ਦੂਰ ਕਰਨ ਲਈ 'ਸੱਚ' ਰੂਪੀ ਮੰਤ੍ਰ ਸੰਸਾਰ ਨੂੰ ਪ੍ਰਦਾਨ ਕੀਤਾ। ਤਪਦੇ ਹਿਰਦਿਆਂ ਨੂੰ ਸ਼ਾਂਤ ਕੀਤਾ ਅਤੇ ਹੰਕਾਰ ਵਿਚ ਸੜਦੇ ਹੰਕਾਰੀਆਂ ਨੂੰ ਨਿਰਮਤਾ ਧਾਰਨ ਦਾ ਸੱਚਾ ਉਪਦੇਸ਼ ਆਪਣੇ ਅਮਲੀ ਜੀਵਨ ਰਾਹੀਂ ਦਿਤਾ।

ਇਸ ਲੇਖ ਦਾ ਵਿਸ਼ਾ ਇਹੀ ਹੈ ਕਿ ਗੁਰੂ ਜੀ ਨੇ ਕਿਸ ਤਰ੍ਹਾਂ ਨਿਰਮਤਾ ਨੂੰ ਸੰਸਾਰ ਵਿਚ ਪ੍ਰਚਾਰਿਆ।

ਉਂਞ ਆਪਦੀ ਸ਼ਖਸੀਅਤ ਸਰਬ-ਪੱਖੀ ਸੀ। ਆਪ ਵਿਚ ਅਨੇਕਾਂ ਗੁਣ ਸਨ। ਆਪ ਇਕ ਉਚਕੋਟੀ ਦੇ ਸਾਹਿਤਕਾਰ ਸਨ। ਆਪ ਦੇ ਕਵਿਤਾ ਰੂਪੀ ਮੋਤੀ ਗੁਰੂ ਗਰੰਥ ਸਾਹਿਬ ਵਿਚ ਬਿਖਰੇ ਪਏ ਹਨ। ਇਹ ਅਣਿਆਲੇ ਬਾਣ ਐਸੇ ਹਨ ਕਿ ਜੇਕਰ ਇਹਨਾਂ ਨੂੰ ਸ਼ਰਧਾ-ਭਾਵਨੀ ਨਾਲ ਗਾਇਆ ਅਤੇ ਪੜ੍ਹਿਆ ਜਾਵੇ ਤਾਂ ਇਸ ਸਰੀਰ-ਰੂਪੀ ਗ੍ਰਿਹ ਮੰਦਰ ਵਿਚੋਂ ਚੋਰੀ ਕਰਨ ਵਾਲੇ ਪੰਚ-ਚੋਰਾਂ ਨੂੰ ਸਿਧੇ ਵਿੰਨ੍ਹਦੇ ਹਨ, ਅਤੇ ਮੁੜ ਉਹ ਪੰਚ ਦੂਤ ਉਸ ਘਰ ਵਿਚ ਵੜਨ ਦਾ ਹੀਆ ਨਹੀਂ ਕਰ ਸਕਦੇ। ਆਪ ਨੇ 2349 ਕਾਵਿ-ਬੰਦ ਉਚਾਰਨ ਕੀਤੇ ਅਤੇ ਦੋ ਦਰਜਨ ਦੇ ਕਰੀਬ ਸ਼ਾਸਤਰੀ ਰਾਗਾਂ ਵਿਚ ਆਪਣੀ ਬਾਣੀ ਨੂੰ ਬਨ੍ਹਿਆ। ਇਕ ਦਰਜਨ ਦੇ ਕਰੀਬ ਛੰਦ-ਚਾਲਾਂ ਦਾ ਪ੍ਰਯੋਗ ਕੀਤਾ। ਸਾਰੀਆਂ, ਛੰਦ-ਚਾਲਾਂ ਲੋਕ-ਕਾਵਿ ਦੇ ਅਤੀ ਨੇੜੇ ਰੱਖੀਆਂ ਤਾਂਕਿ ਆਮ ਲੋਕੀ ਇਹਨਾਂ ਨੂੰ ਆਸਾਨੀ ਨਾਲ ਗਾ ਸਕਣ ਅਤੇ ਗਾਕੇ ਅਗੰਮੀ ਅਨੰਦ ਤੇ ਹੁਲਾਸ ਪ੍ਰਾਪਤ ਕਰ ਸਕਣ।

ਇਸ ਤੋਂ ਉਪਰੰਤ ਆਪ ਇਕੋ ਸਫਲ ਸਮਾਜ-ਸੁਧਾਰਕ ਸਨ। ਆਪ ਨੇ ਸਮਾਜ ਵਿਚ ਆ ਚੁਕੀਆਂ ਕੁਰੀਤੀਆਂ ਨੂੰ ਬੜੇ ਸਰਲ ਅਤੇ ਕਈ ਬਾਰ ਬੜੇ ਅਸ-ਚਰਜ ਢੰਗ ਵਰਤ ਕੇ ਦੂਰ ਕੀਤਾ। ਸੂਰਜ ਨੂੰ ਪਾਣੀ ਦੇਣ ਵਾਲੇ ਵਹਿਮ ਨੂੰ ਆਪ ਨੇ ਕੈਸੇ ਅਨੋਖੇ ਢੰਗ ਨਾਲ ਦੂਰ ਕੀਤਾ, ਜਦੋਂ ਆਪ ਨੇ ਆਪਣੇ ਕਰਤਾਰਪੁਰ ਵਿਚ ਖੇਤਾਂ ਨੂੰ ਪਾਣੀ ਦੇਣਾ ਅਰੰਭ ਕਰ ਦਿਤਾ। ਇਸੇ ਤਰ੍ਹਾਂ ਬ੍ਰਾਹਮਣਾਂ, ਮੁਲਾਣਿਆਂ ਅਤੇ ਸਿਧ-ਜੋਗੀਆਂ ਵਿਚ ਆਈਆਂ ਕੁਰੀਤੀਆਂ ਦੀ ਖੁਲ੍ਹੇ ਤੌਰ ਤੇ ਨਿੰਦਾ ਕਰਕੇ ਉਹਨਾਂ ਨੂੰ ਸਿੱਧੇ ਰਸਤੇ ਤੇ ਲਿਆਂਦਾ। ਬ੍ਰਾਹਮਣ ਨੂੰ ਆਖਿਆ:—

ਸਾਈ ਪੁਤਰੀ ਜਜਮਾਨ ਕੀ ਸਾ ਤੇਰੀ।
ਏਤਿ ਧਾਨ ਖਾਧੇ ਤੇਰਾ ਜਨਮਿ ਗਇਆ।



www.AKJ.Org

ਮੁਲਾਣਿਆਂ ਨੂੰ ਸਮਝਾਇਆ ਕਿ ਝੂਠੀਆਂ ਨਿਵਾਜਾਂ ਦਾ ਕੋਈ ਲਾਭ ਨਹੀਂ। ਪੰਜ ਨਿਵਾਜ਼ਾਂ ਇਸ ਤਰ੍ਹਾਂ ਦੀਆਂ ਧਾਰਨ ਕਰੋ :–

ਪਹਿਲੀ ਸੱਚ, ਹਲਾਲ ਦੋਇ, ਤੀਜੀ ਖੈਰ ਖੁਦਾਇ ॥
ਚੌਥੀ ਨੀਅਤ ਰਾਸਿ ਕਰ, ਪੰਜਵੀਂ ਸਿਫਤਿ ਸਨਾਇ ॥

ਅਤੇ ਆਖਿਆ ਕਿ ਸੱਚਾ-ਮੁਸਲਮਾਨ ਬਨਣਾ ਬੜਾ ਕਠਨ ਹੈ। 'ਮੁਸਲਮਾਨ ਕਹਾਵਣ ਮੁਸਕਲ ਜਾ ਹੋਇ ਤਾ ਮੁਸਲਮਾਨ ਕਹਾਵੈ।' ਇਸ ਤਰ੍ਹਾਂ ਸਿੱਧ-ਜੋਗੀਆਂ ਨੂੰ ਦੱਸਿਆ ਕਿ ਇਸਤਰੀਆਂ ਨਾਲ ਇਤਨੀ ਨਫਰਤ ਕਿਉਂ ਕਰਦੇ ਹੋ ? ਕੀ ਇਸਤਰੀ ਤੋਂ ਤੁਸੀਂ ਪੈਦਾ ਨਹੀਂ ਹੋਏ ? "ਸੋ ਕਿਉ ਮੰਦਾ ਆਖੀਐ ਜਿਤ ਜੰਮੈ ਰਾਜਾਨ।" ਪਹਾੜਾਂ ਵਿੱਚ ਕਿਉਂ ਲੁਕਦੇ ਹੋ ? ਸੰਸਾਰ ਨੂੰ ਕਿਸ ਦੇ ਹਵਾਲੇ ਛੱਡ ਕੇ ਆਏ ਹੋ ? ਘਰਾਂ ਨੂੰ ਤਿਆਗ ਕੇ ਫੇਰ ਗਰਿਹਸਤੀਆਂ ਦੇ ਘਰਾਂ ਵਿੱਚ ਮੰਗਣ ਜਾਂਦੇ ਹੋ। ਗਰਿਹਸਥੀਆਂ ਦੇ ਪੁੱਤਰਾਂ ਨੂੰ ਚੇਲੇ ਬਣਾਂਦੇ ਹੋ। ਤਾਂ ਘਰ ਤਿਆਗਣ ਦਾ ਕੀ ਲਾਭ ਹੈ ? "ਸਿੱਧ ਛੁੱਪਿ ਬੈਠੇ ਪਰਬਤੀ ਕੌਣ ਜਗਤਿ ਕਉ ਪਾਰਿ ਉਤਾਰੇ।" ਦਰਅਸਲ ਤਿੰਨੇ ਧਾਰਮਕ ਆਗੂਆਂ ਸਬੰਧੀ ਆਪ ਸਹੀ ਹਾਲਤ ਜਾਣਿ ਚੁੱਕੇ ਸਨ। ਇਸ ਵਾਸਤੇ ਆਪ ਸਮਝਦੇ ਸਨ ਕਿ ਇਹ ਹੁਣ ਸੰਸਾਰ ਦਾ ਕਲਿਆਣ ਨਹੀਂ ਕਰ ਸਕਦੇ। ਇਹ ਮਾਇਆ ਤੇ ਹਉਮੈਂ ਦਾ ਸ਼ਿਕਾਰ ਹੋ ਚੁੱਕੇ ਹਨ। ਇਸ ਵਾਸਤੇ ਤਿੰਨੇ ਸ਼੍ਰੇਣੀਆਂ ਦੀ ਨਿਘਰਦੀ ਹਾਲਤ ਨੂੰ ਆਪ ਨੇ ਇਸ ਤਰਾਂ ਵਰਨਣ ਕੀਤਾ:–

"ਕਾਜੀ ਕੂੜਿ ਬੋਲਿ ਬਿਖੁ ਖਾਇ ॥
ਬਾਹਮਣਿ ਨਾਵੈ ਜੀਆਂ ਘਾਇ ॥
ਜੋਗੀ ਜੁਗਤਿ ਨਾ ਜਾਣੈ ਅੰਧੁ ॥
ਤੀਨੋਂ ਉਜਾੜੇ ਕਾ ਬੰਧਿ ॥"

ਇਸ ਤੋਂ ਬਿਨਾਂ ਆਪ ਦਾ ਇੱਕ ਹੋਰ ਗੁਣ ਇਹ ਸੀ ਕਿ ਆਪ ਇੱਕ ਇੰਨਕਲਾਬੀ ਗੁਰੂ ਸਨ। ਆਪ ਨੇ ਰਾਜਸੀ ਅਤੇ ਸਮਾਜਕ ਅਨਿਆਇ ਵਿਰੁੱਧ ਨਿਧੜਕ ਹੋਕੇ ਆਵਾਜ਼ ਉਠਾਈ ਆਪ ਨਿਰਭੈ ਅਤੇ ਨਿਰਵੈਰ ਜਨਤਕ ਆਗੂ ਸਨ। ਬਾਬਰ ਦੀ ਫੌਜ ਨੂੰ ਆਪ ਨੇ "ਪਾਪ ਕੀ ਜੰਞ" ਆਖਿਆ ਜੋ ਕਿ ਜ਼ੋਰ ਨਾਲ ਦਾਨ ਮੰਗਦਾ ਸੀ। ਇਸ ਤਰਾਂ ਮੁਗਲਾਂ ਨੂੰ "ਜਮਦੂਤ" ਦਾ ਨਾਮ ਦਿੱਤਾ (ਜਮ ਕਰ ਮੁਗਲ ਚੜ੍ਹਾਇਆ) ਅਤੇ ਲੋਕਾਂ ਦੀ ਪੀੜ ਵੇਖ ਕੇ ਪ੍ਰਮਾਤਮਾ ਅੱਗੇ ਵੀ ਨਿਹੋਰਾ ਕੀਤਾ:–

ਏਤੀ ਮਾਰਿ ਪਈ ਕੁਰਲਾਣੇ,
ਤੈਂ ਕੀ ਦਰਦ ਨਾ ਆਇਆ ?

ਪ੍ਰਮਾਤਮਾਂ ਅੱਗੇ ਆਪ ਨੇ ਆਪਣੀ ਦਲੀਲ ਵੀ ਪੇਸ਼ ਕੀਤੀ ਕਿ:–

"ਜੇ ਸਕਤਾ ਸਕਤੇ ਕਉ ਮਾਰੇ,
ਤਾ ਮਨਿ ਰੋਸਿ ਨਾ ਹੋਈ।"

ਪ੍ਰੰਤੂ ਜੇ "ਸਕਤਾ ਸੀਂਹੁ ਮਾਰੇ ਪੈ ਵੱਗੇ ਖਸਮੇ ਸਾ ਪੁਰਸਾਈ।" ਜੇ ਤਾਕਤਵਰ ਸ਼ੇਰ ਵੱਗ ਉੱਤੇ ਆ ਪਏ ਤਾਂ ਵੱਗ ਦੇ ਮਾਲਕ ਤੋਂ ਬਿਨਾਂ ਹੋਰ ਕੌਣ ਵੱਗ ਦੀ ਰਖਵਾਲੀ ਦਾ ਜ਼ਿੰਮੇਂਵਾਰ ਹੈ ? ਇਸੇ ਤਰਾਂ ਆਪ ਨੇ ਕਿਰਤੀਆਂ ਤੇ ਕਾਮਿਆਂ ਨੂੰ ਪ੍ਰੇਰਨਾ ਕੀਤੀ ਕਿ ਤੁਹਾਨੂੰ ਇੰਨਕਲਾਬ ਤੋਂ ਡਰਨ ਦੀ ਲੋੜ ਨਹੀਂ। ਇੰਨਕਲਾਬ ਤੋਂ ਉਹ ਡਰਨ ਜੋ ਗੱਦੀਆਂ ਤੇ ਬੈਠ ਕੇ ਅਨਿਆਇ ਕਰਦੇ ਹਨ, ਕਿਉਂਕਿ ਉਹਨਾਂ ਨੂੰ ਹੀ ਉਹਨਾਂ ਦੇ ਅਨਿਆਂ ਦੀ ਸਜ਼ਾ ਮਿਲੇਗੀ।

"ਜਿਸ ਸਿਕਦਾਰੀ ਤਿਸੈ ਖੁਆਰੀ,
ਚਾਕਰਿ ਕੇਹੇ ਡਰਨਾ ॥
ਜਾ ਸਿਕਦਾਰੀ ਪਵੈ ਖੁਆਰੀ,
ਤਾ ਚਾਕਰ ਹੱਥੋਂ ਮਰਨਾ ॥"


www.AKJ.Org

ਹੋਰ ਅਨੇਕਾਂ ਗੁਣ ਆਪ ਵਿੱਚ ਸਨ। ਆਪ ਦੀ ਸ਼ਖ਼ਸੀਅਤ ਸਰਬ ਪੱਖੀ ਸੀ। ਪ੍ਰੰਤੂ ਇਤਨੇ ਗੁਣ ਹੋਂਦੇ ਹੋਏ ਆਪ ਦੀ ਨਿਮਰਤਾ ਵੀ ਕਮਾਲ ਦਰਜੇ ਦੀ ਸੀ।

ਅਸਲ ਵਿੱਚ ਗੁਰੂ ਨਾਨਕ ਸਾਹਿਬ ਨੇ "ਨਿਮਰਤਾ ਅਤੇ ਮਿੱਠਾ-ਬੋਲਣ" ਨੂੰ ਸਾਰੇ ਗੁਣਾਂ ਅਤੇ ਚੰਗਿਆਈਆਂ ਦਾ ਤੱਤ ਆਖਿਆ ਹੈ। ਗੁਰੂ ਸਾਹਿਬ ਨੇ ਅਕਾਲ ਪੁਰਖ ਤੋਂ ਮੰਗੀਆਂ ਹੀ ਦੋ ਵਸਤਾਂ ਸਨ ! "ਬਾਬਾ ਪੈਧਾ ਸਚਿਖੰਡ ਨੌ-ਨਿਧਿ ਨਾਮ ਗਰੀਬੀ ਪਾਈ"। ਨੌ-ਨਿੱਧਾਂ ਦੇ ਤੁੱਲ ਵਸਤੂ "ਨਾਮ" ਅਤੇ "ਗਰੀਬੀ" ਦਾ ਹੀ ਦਾਨ ਆਪ ਜੀ ਨੇ ਅਕਾਲ ਪੁਰਖ ਤੋਂ ਪ੍ਰਾਪਤ ਕੀਤਾ ਸੀ। ਆਪ ਨੇ ਸਿੰਬਲ ਰੁੱਖ ਦੀ ਉਦਾਹਰਣ ਦੇ ਕੇ ਸਮਝਾਇਆ ਕਿ ਉਸ ਦੇ ਆਕਾਰ ਵਿੱਚ ਵੱਡੇ, ਉੱਚੇ, ਲੰਮੇ ਹੋਣ ਦਾ ਕੀ ਲਾਭ ਹੈ ਜਦੋਂ ਕਿ ਰਾਹੀ ਅਤੇ ਪੰਛੀ ਸਾਰੇ ਹੀ ਉਸ ਤੋਂ ਨਿਰਾਸ਼ ਹੋਕੇ ਜਾਂਦੇ ਹਨ ? ਉਸ ਨਾਲੋਂ ਤਾਂ ਨਿੱਕੀ ਝਾੜੀ ਹੀ ਚੰਗੀ ਹੈ ਜੋ ਰਾਹੀਆਂ ਨੂੰ ਖਾਣ ਨੂੰ ਮਿੱਠੇ ਬੇਰ ਤਾਂ ਦਿੰਦੀ ਹੈ। ਇਸੇ ਤਰਾਂ ਆਪ ਨੇ ਆਖਿਆ ਤਰਾਜ਼ੂ ਵਿੱਚ ਰੱਖਕੇ ਤੋਲਣ ਨਾਲ ਪਤਾ ਲੱਗਦਾ ਹੈ ਕਿ ਜੋ ਨੀਵਾਂ ਹੁੰਦਾ ਹੈ ਉਹੀ ਭਾਰਾ ਹੁੰਦਾ ਹੈ। ਉਸੇ ਦਾ ਮੁਲ ਅਧਿਕ ਪੈਂਦਾ ਹੈ। ਉੱਚੇ ਅਤੇ ਹੰਕਾਰੀ ਦਾ ਮੁਲ ਸਦਾ ਘਟਦਾ ਜਾਂਦਾ ਹੈ।

ਫਲਦਾਰ ਬਿਰਛ ਦੀ ਉਦਾਹਰਣ ਲੈ ਲਵੋ ਸਦਾ ਝੁਕਦਾ ਹੈ। ਬੈਂਤ ਦਾ ਰੁਖ ਝੁਕਣ ਕਰਕੇ ਹੜ ਦੀ ਮਾਰ ਤੋਂ ਬਚ ਜਾਂਦਾ ਹੈ। ਕੇਸਰ ਦੀ ਨਿੱਕੀ ਬੂਟੀ ਮੱਥੇ ਦਾ ਟਿੱਕਾ ਬਣਕੇ ਸ਼ੋਭਾ ਪਾਉਂਦੀ ਹੈ। ਵੱਡੇ ਆਕਾਰ ਵਾਲੇ ਦਰਖਤਾਂ ਨੂੰ ਇਹ ਮਾਣ ਪ੍ਰਾਪਤ ਨਹੀਂ ਹੁੰਦਾ। ਚੰਦਨ ਦਾ ਰੁਖ ਸਭ ਤੋਂ ਛੋਟਾ ਹੁੰਦਾ ਹੈ (ਬਾਵਨ-ਚੰਦਨ) ਸਿਰਫ ਆਕਾਰ ਵਿਚ ਬਵੰਜਾ ਉਂਗਲ ਹੈ ਪ੍ਰੰਤੂ ਸਾਰੇ ਜੰਗਲ ਨੂੰ ਮਹਿਕ ਬਖ਼ਸ਼ਦਾ ਹੈ। ਪ੍ਰੰਤੂ ਬਾਂਸ ਅੰਦਰੋਂ ਖੋਖਲਾ ਹੋਣ ਕਾਰਨ 'ਬਡਾਈ ਵਿਚ ਬੂਡਿਆ' ਹੀ ਰਹਿੰਦਾ ਹੈ ਅਤੇ ਨੀਵਾਂ ਹੋਕੇ ਮਹਿਕ ਗ੍ਰਹਿਣ ਨਹੀਂ ਕਰਦਾ। ਖਾਲੀ ਹੀ ਰਹਿ ਜਾਂਦਾ ਹੈ। ਅਤੇ 'ਘਰ ਹੀ ਵਿਚ ਅੰਮ੍ਰਿਤ ਭਰਪੂਰ ਹੈ ਮਨਮੁਖਾਂ ਸਾਦਿ ਨਾ ਆਇਆ।' ਵਾਲੀ ਹਾਲਤ ਨੂੰ ਇੰਨ-ਬਿੰਨ ਸਾਬਤ ਕਰਦਾ ਹੈ।

ਨਿਕੀ ਪਾਣੀ ਦੀ ਬੂੰਦ ਸਿੱਪੀ ਵਿਚ ਪੈਕੇ ਮੋਤੀ ਦਾ ਰੂਪ ਧਾਰਨ ਕਰਦੀ ਹੈ। ਨਿਕੀ ਪਾਰਸ ਦੀ ਵੱਟੀ ਅਸ਼ਟ-ਧਾਤਾਂ ਨੂੰ ਸੋਨਾ ਬਣਾਉਂਦੀ ਹੈ। ਨਿੱਕੇ ਸੱਪ ਦੇ ਸਿਰ ਵਿਚ ਮਣੀ ਹੁੰਦੀ ਹੈ। ਅਤੇ ਨਿੱਕੀ ਚੀਚੀ ਉਂਗਲ ਨੂੰ ਹੀ ਛਾਪ ਪਹਿਨਣ ਦੀ ਵਡਿਆਈ ਮਿਲਦੀ ਹੈ। ਪੈਰ ਸਦਾ ਨੀਵੇਂ ਰਹਿੰਦੇ ਹਨ, ਅਤੇ ਸਿਰ ਸਦਾ ਉਚਾ ਰਹਿੰਦਾ ਹੈ। ਇਸ ਵਾਸਤੇ ਲੋੜ ਪੈਣ ਤੇ ਸਿਰ ਨੂੰ ਪੈਰਾਂ ਤੇ ਝੁਕਣਾ ਪੈਂਦਾ ਹੈ। ਕਦੇ ਪੈਰ ਸਿਰ ਅੱਗੇ ਨਹੀਂ ਝੁਕੇ। ਇਸ ਵਾਸਤੇ ਜੋ ਆਪ ਨੀਂਵੇ ਹਨ ਉਹੀ ਅਸਲ ਉਚੇ ਹੁੰਦੇ ਹਨ। ਉਚਿਆਂ ਅਤੇ ਹੰਕਾਰੀਆਂ ਦਾ ਮਾਣ ਸਦਾ ਭੰਨਿਆ ਜਾਂਦਾ ਰਿਹਾ ਹੈ। ਰਾਵਣ ਹੰਕਾਰੀ ਦਾ ਮਾਣ ਰਾਮ ਨੇ ਭੰਨਿਆ। ਪ੍ਰਮਾਤਮਾ ਨੂੰ ਪਾਉਣ ਦਾ ਇਕੋ ਇਕ ਢੰਗ 'ਨਿਵਣ ਸੁ ਅੱਖਰ ਖਵਨਿ ਗੁਣ ਜਿਹਬਾ ਮਣੀਆ ਮੰਤ' ਹੈ। ਹੰਕਾਰੀ ਪੁਰਸ਼ ਪ੍ਰਮਾਤਮਾ ਤੋਂ ਇਸ ਤਰ੍ਹਾਂ ਖਾਲੀ ਰਹਿ ਜਾਂਦੇ ਹਨ ਜਿਸ ਤਰ੍ਹਾਂ ਉਚੇ ਟਿੱਬੇ ਮੀਂਹ ਪੈਣ ਤੇ ਵੀ ਖੁਸ਼ਕ ਅਤੇ ਸੁੱਕੇ ਰਹਿ ਜਾਂਦੇ ਹਨ। ਹੰਕਾਰ ਨਾਲ ਤਾਂ ਦਾਨ ਕੀਤਾ ਵੀ ਕਿਸੇ ਲੇਖੇ ਨਹੀਂ ਪੈਂਦਾ।


www.AKJ.org

ਮਾਇਆ ਤਜੀ ਤ ਕਿਆ ਭਇਆ,
ਜਉ ਮਾਨ ਤਜਿਆ ਨਹੀ ਜਾਇ ॥
ਮਾਨ ਮੁਨੀ ਮੁਨਿ ਵਰਗਲੇ,
ਮਾਨ ਸਭੈ ਕਉ ਖਾਇ ।'

ਗੁਰੂ ਅਰਜਨ ਸਾਹਿਬ ਜੀ ਨੇ ਕੀ ਸੋਹਣਾ ਫੁਰਮਾਨ ਕੀਤਾ ਹੈ :–

ਸੁਖੀ ਬਸੈ ਮਸਕੀਨੀਆ; ਆਪ ਨਿਵਾਰ ਤਲੇ ॥
ਬਡੇ ਬਡੇ ਅਹੰਕਾਰੀਆ; ਨਾਨਕ ਗਰਬਿ ਗਲੇ ॥

ਪਰੰਤੂ ਅਸਲੀ ਵਡਿਆਈ ਉਸਦੀ ਹੁੰਦੀ ਹੈ ਜੋ ਗੁਣ ਹੁੰਦੇ ਹੋਏ ਵੀ ਮਾਣਿ ਨਾ ਕਰੇ ।

ਭਾਈ ਗੁਰਦਾਸ ਜੀ ਨੇ ਲਿਖਿਆ ਹੈ :–

'ਹਉ ਤਿਸ ਘੋਲਿ ਘੁਮਾਇਆ
ਹੋਂਦੈ ਤਾਣਿ ਜੋ ਹੋਇ ਨਿਤਾਣਾ ॥

ਇਹ ਸਿਫਤ, ਇਹ ਖੂਬੀ, ਇਹ ਵਡਿਆਈ ਕੇਵਲ ਗੁਰੂ ਨਾਨਕ ਸਾਹਿਬ ਵਿਚ ਹੀ ਸੀ ।

ਇਤਨੇ ਗੁਣ ਹੁੰਦੇ ਹੋਏ ਆਪ ਜੀ ਨੇ ਆਪਣੇ ਆਪ ਨੂੰ 'ਸਗਿ ਨਾਨਕ' ਲਿਖਿਆ । 'ਹਮਿ ਆਦਮੀ ਹਾਂ ਇਕ ਦਮੀ' ਆਖਿਆ ਅਤੇ ਜਨਤਾ ਨੂੰ ਇਤਨੀ ਵਡਿਆਈ ਦਿਤੀ ਕਿ ਆਪਣਾ ਸਿਰ ਜਨਤਾ ਦੇ ਪੈਰਾਂ ਉਤੇ ਰੱਖਣ ਤਕ ਗਏ ।

'ਸਿਰਿ ਨਾਨਕ ਲੋਕਾ ਪਾਵਿ ਹੈ ॥'

ਕਹਿਣਾ ਆਪ ਦੇ ਹਿੱਸੇ ਹੀ ਆ ਸਕਦਾ ਹੈ । ਹੋਰ ਦੁਨੀਆਂ ਦੇ ਕਿਸੇ ਪੈਗੰਬਰ ਨੇ ਆਪਣੇ ਮੁਕਾਬਲੇ ਤੇ ਜਨਤਾ ਨੂੰ ਇਤਨੀ ਵਡਿਆਈ ਨਹੀਂ ਦਿਤੀ । ਹਉਮੈ ਨੂੰ ਆਪਨੇ 'ਦੀਰਘਿ ਰੋਗ' ਆਖਿਆ ਹੈ ਅਤੇ ਦੁਨੀਆਂ ਦੇ ਪੁਰਖਾਂ ਨੂੰ ਨਿਮਰਤਾ ਧਾਰਨ ਲਈ ਪ੍ਰੇਰਨਾ ਕਰਦੇ ਹੋਏ ਲਿਖਿਆ :–

'ਜਾ ਰਹਿਣਾ ਨਾਹੀ ਏਤਿ ਜਗਿ,
ਤਾ ਕਾਇਤੁ ਗਾਰਬਿ ਹੰਢੀਐ ॥

ਅਤੇ ਆਪ ਨੇ ਉਪਦੇਸ਼ ਕੀਤਾ ਕਿ ਪੜ੍ਹਣ ਲਿਖਣ ਦਾ ਇਹੀ ਲਾਭ ਹੈ ਕਿ ਕਿਸੇ ਨਾਲ ਕਉੜਾ ਨਾ ਵਰਤੋ । ਹੰਕਾਰ ਅਧੀਨ ਹੋ ਕੇ ਗੱਲ ਨਾ ਕਰੋ :–

ਮੰਦਾ ਕਿਸੈ ਨਾ ਆਖੀਐ,
ਪੜਿ ਅੱਖਰ ਇਹੋ ਬੁਝੀਐ ॥

ਆਪ ਦੀ ਨਿਮਰਤਾ ਦੀ ਇਕ ਹੋਰ ਉਦਾਹਰਣ ਦੇਕੇ ਸਮਾਪਤ ਕਰਦਾ ਹਾਂ । ਲਹਿਣਾ ਜੀ ਜਦੋਂ ਆਪ ਨੂੰ ਪਹਿਲੇ ਪਹਿਲ ਮਿਲਣ ਆਏ ਤਾਂ ਵਾਕਫ਼ੀਅਤ ਨਾ ਹੋਣ ਕਾਰਨ ਪਿੰਡੋਂ ਬਾਹਰ ਗੁਰੂ ਨਾਨਕ ਦਾ ਘਰ ਪੁਛਿਆ ਜਿਸ ਵਿਅਕਤੀ ਤੋਂ ਪੁਛਿਆ ਗਿਆ ਉਹ ਦੇਵਨੇਤ ਨਾਲ ਗੁਰੂ ਨਾਨਕ ਹੀ ਸਨ । ਗੁਰੂ ਸਾਹਿਬ ਲਹਿਣਾ ਜੀ ਦੇ ਘੋੜੇ ਦੇ ਅੱਗੇ ਅੱਗੇ ਪੈਦਲ ਤੁਰ ਪਏ ਅਤੇ ਲਹਿਣਾ ਜੀ ਘੋੜੇ ਤੇ ਸਵਾਰ ਪਿੱਛੇ ਪਿੱਛੇ । ਘਰ ਕੋਲ ਪੁਜਣ ਉਪ੍ਰੰਤ ਗੁਰੂ ਨਾਨਕ ਇਹ ਆਖ ਕੇ ਅੰਦਰ ਚਲੇ ਗਏ ਕਿ ਇਹੀ ਗੁਰੂ ਨਾਨਕ ਦਾ ਘਰ ਹੈ । ਅੰਦਰੋਂ ਹੋਰ ਵਿਅਕਤੀ ਲਹਿਣਾ ਜੀ ਨੂੰ ਲੈਣ ਆਇਆ । ਜਦ ਅੰਦਰ ਜਾ ਕੇ ਲਹਿਣਾ ਜੀ ਨੇ ਵੇਖਿਆ ਕਿ ਗੁਰੂ ਨਾਨਕ ਤਾਂ ਉਹੀ ਪੁਰਖ ਹਨ ਜੋ ਉਹਨਾਂ ਨੂੰ ਰਾਹ ਦਸਦੇ ਆਏ ਸਨ; ਤਾਂ ਆਪ ਚਰਨਾਂ ਤੇ ਢਹਿ ਪਏ । ਗੁਰੂ ਨਾਨਕ ਦੀ ਨਿਮਰਤਾ ਤੋਂ ਇਤਨੇ ਪ੍ਰਭਾਵਤ ਹੋਏ ਕਿ ਸਦਾ ਲਈ ਗੁਰੂ ਨਾਨਕ ਦੇ ਹੀ ਬਣ ਗਏ । ਦੇਵੀ-ਪੂਜਾ ਨੂੰ ਤਿਆਗ ਗੁਰੂ-ਨਾਨਕ ਪੁਜਾਰੀ ਬਣ ਗਏ । ਸੱਚੀ ਪੂਜਾ ਐਸਾ ਫਲ ਲਿਆਈ ਕਿ ਅੰਤ ਗੁਰੂ ਨਾਨਕ ਦਾ ਹੀ ਰੂਪ ਬਣ ਗਏ । ਗੁਰੂ ਅੰਗਦ ਅਖਵਾ ਕੇ ਗੁਰੂ ਨਾਨਕ ਦਾ ਅੰਗ-ਪਾਲਿਆ । ਇਹ ਸੀ ਗੁਰੂ ਨਾਨਕ ਦੀ ਨਿਮਰਤਾ ਜਿਸਦਾ ਇਤਨਾ ਡੂੰਘਾ ਪ੍ਰਭਾਵ ਪੈਂਦਾ ਸੀ ਹਰ ਇਕ ਤੇ, ਜੋ ਵੀ ਉਹਨਾਂ ਦੀ ਸੰਗਤਿ ਗ੍ਰਹਿਣ ਕਰਦਾ ਸੀ । *


www.AKJ.Org

# ☩ ਨਾਨਕੁ ਸਾਇਰੁ ਏਵ ਕਹਤੁ ਹੈ ☩

( ਵਲੋਂ—ਕਾਕਾ ਸਤਿਨਾਮ ਸਿੰਘ ਜੀ, ਲੁਧਿਆਣਾ )

*—*—*—*—*—*—*—*—*—*—*—*—*—*—*—*—*—*—*—*—*—*—*—*—*

'ਸਾਸੁ ਮਾਸੁ ਸਭੁ ਜੀਉ ਤੁਮਾਰਾ ਤੂ ਮੈ ਖਰਾ ਪਿਆਰਾ ॥ ਨਾਨਕੁ ਸਾਇਰੁ ਏਵ ਕਹਤੁ ਹੈ ਸਚੇ ਪਰਵਦਗਾਰਾ ।

ਗੁਰੂ ਨਾਨਕ ਸਾਹਿਬ ਨੇ ਜੋ ਸਮੁਚੀ ਦੁਨੀਆਂ ਨੂੰ ਇਕ ਸਾਂਝਾ ਪੈਗ਼ਾਮ ਵੰਡਿਆ ਉਸਦਾ ਇਕ ਹਿਸਾ ਸੀ–ਮੌਤ ਫ਼ਿਲਾਸਫ਼ੀ, ਅਰਥਾਤ ਮਰਣਾ ਤੇ ਜੀਉਣਾ, ਜੀਉਣਾ ਮਰਨ ਲਈ ਤੇ ਮਰਨਾ ਜੀਉਣ ਲਈ, ਅਰਥਾਤ ਜਿਉਂਦਿਆਂ ਮਰ ਕੇ, ਮਰ ਕੇ ਵੀ ਜੀਵਤ ਰਹਿਣਾ। ਦੂਸਰਾ ਭਾਵ ਨਿਜ ਤਿਆਗ, ਆਪਾ ਤਿਆਗ, ਆਪਣਾ ਤੱਨ, ਮਨ, ਧਨ ਆਦਿ ਸਤਿਗੁਰੂ ਨੂੰ ਨਿਛਾਵਰ ਕਰ ਨਿਸ਼ਕਾਮ ਸੇਵਾ ਤੇ ਉਸਦਾ ਫਲ ਸਰੂਪ ਸਿਮਰਣ-ਜੁਗਤਿ ਦੀ ਪਛਾਣ। ਜੇ ਅਸੀਂ ਇਸ ਫਿਲਾਸਫੀ ਦੇ ਦੁਨਿਆਵੀ ਤੇ ਅਧਿਆਤਮਕ ਦੋਨਾਂ ਪਖਾਂ ਦਾ ਅਧਿਅਨ ਕਰੀਏ ਤਾਂ ਬੇਹਤਰ ਰਹੇਗਾ।

ਮਰਣਾ ਤੇ ਜੀਣਾ : ਗੁਰੂ ਸਾਹਿਬ ਨੇ ਖੋਜ ਖੋਜ ਕੇ ਇਹੋ ਤਤ ਬੀਚਾਰਿਆ ਕਿ ਜੇ ਅਸੀਂ ਜੀਵੀਏ ਤਾਂ ਹਉਮੈ ਨੂੰ ਛਡ ਕੇ ਜੀਵੀਏ। ਹਉਮੈ ਨੂੰ ਕਿਵੇ ਤਿਆਗਿਆ ਜਾਵੇ ? ਇਸ ਨੂੰ ਤਾਂ ਵਡੇ ਵਡੇ ਰਿਸ਼ੀ ਮੁਨੀ, ਤੱਪੀ, ਸਾਧ, ਫ਼ਕੀਰ ਤੇ ਹੋਰ ਬੜੇ ਬੜੇ ਮਹਾਂ ਪੁਰਸ਼ ਵੀ ਤਿਆਗਣੋਂ ਅਸਮਰਥ ਰਹੇ ਹਨ। ਇਸਦ ਤਿਆਗ ਕਿਵੇਂ ਕੀਤਾ ਜਾਵੇ ? 'ਵਡੇ ਪੁਰਖ ('ਗੁ ਨਾਨਕ') ਨੇ ਇਹ ਦੱਸਿਆ ਕਿ ਹਉਮੈ ਦਾ ਤਿਆਗ ਤਾਂ ਹੀ ਹੋ ਸਕੇਗਾ ਜੇ ਕਰ ਜੀਉਂਦੇ ਮਰਿਆ ਜਾਵੇ ਅਰਥਾਤ ਆਪਾ ਤਿਆਗਿਆ ਜਾਏ; ਸਿਰ ਵੇਚਿਅ ਜਾਵੇ; ਅਰਥਾਤ ਆਪਣਾ ਨਿਜ ਕਿਸੇ ਦੀ ਅਗਵਾਈ ਬਦਲੇ ਤਿਆਗਿਆ ਜਾਵੇ।

'ਗੁਰ ਕੀ ਸੇਵਾ ਸੋ ਕਰੇ, ਜਿਸੁ ਆਪਿ ਕਰਾਏ ॥
ਨਾਨਕ ਸਿਰੁ ਦੇ ਛੂਟੀਐ,ਦਰਗਹ ਪਤਿ ਪਾਏ ॥

ਆਪਾ ਕਿਉਂ ਤਿਆਗਿਆ ਜਾਏ ? ਜੀਉਂ ਕਿਉਂ ਮਾਰਿਆ ਜਾਏ ? ਕੁਲਖਣੀ ਮਾਇਆ ਤੋ

---

* ਗੁਰੂ ਨਾਨਕ ਦੀ ਨਿਮਰਤਾ ਲਾਸਾਨੀ ਸੀ। ਗੁਰੂ ਨਾਨਕ ਦੀ ਨਿਮਰਤਾ ਹਰ ਇਕ ਅਵਤਾਰ ਪੈਗੰਬਰ ਦੀ ਪੁੱਜਤ ਤੋਂ ਬਾਹਰ ਦੀ ਸੀ। ਗੁਰੂ ਨਾਨਕ ਵਰਗਾ 'ਸਾਊ' ਨਾ ਪਹਿਲਾ ਕੋਈ ਹੋਇਆ ਹੈ ਅਤੇ ਨਾ ਅੱਗੇ ਨੂੰ ਕਿਸੇ ਦੇ ਹੋਣ ਦੀ ਆਸ ਹੈ। ਇਤਨੇ ਲਾਸਾਨੀ ਗੁਣਾਂ ਦਾ ਮਾਲਕ ਹੁੰਦੇ ਹੋਏ ਵੀ ਆਪਣੇ ਆਪ ਨੂੰ 'ਨੀਚੁ' ਸ਼ਬਦ ਦਾ ਵਿਸ਼ੇਸ਼ਣ ਦੇਣਾ ਗੁਰੂ ਨਾਨਕ ਦੇ ਹਿੱਸੇ ਹੀ ਆ ਸਕਦਾ ਹੈ। ਹੋਰ ਕਿ ਦੇ ਨਹੀਂ। 'ਜਪੁ ਜੀ' ਵਿੱਚ ਆਪ ਦਾ ਫ਼ੁਰਮਾ ਇਸ ਤਰ੍ਹਾਂ ਵਰਣਨ ਹੈ :—

ਨਾਨਕ 'ਨੀਚ' ਕਹੈ ਵੀਚਾਰਿ ॥
ਵਾਰਿਆ ਨ ਜਾਵਾ ਏਕ ਵਾਰ ॥
ਜੋ ਤੁਧਿ ਭਾਵੈ ਸਾਈ ਭਲੀ ਕਾਰ ॥
ਤੂ ਸਦਾ ਸਲਾਮਤ ਨਿਰੰਕਾਰ ॥



www.AKJ.Org

ਕਿਉਂ ਬਚਿਆ ਜਾਵੇ ? ਕਿਉਂ ਸੰਸਾਰੀ ਪਦਾਰਥਾਂ ਵਿਚ ਖਚਿਤ ਨਾ ਹੋਇਆ ਜਾਵੇ ?

ਸਤਿਗੁਰੂ ਜੀ ਦਾ ਉਪਦੇਸ਼ ਸੀ-ਸੰਸਾਰ ਵਿਚ ਦੋ ਵਿਅਕਤੀਆਂ ਦੀ ਹੋਂਦ ਏ-ਇਕ ਗੁਰਮੁਖ ਤੇ ਦੂਸਰਾ ਮਨਮੁਖ; ਇਕ ਭਗਤ-ਦੂਸਰਾ ਸੈਂਸਾਰੀ; ਇਕ ਗੁਰਸਿਖ ਦੂਸਰਾ ਸਾਕਤ; ਇਕ ਇਨਸਾਨ ਤੇ ਦੂਸਰਾ ਸ਼ੈਤਾਨ। ਜਿਵੇਂ ਵਿਅਕਤੀਤਵ ਦੋ ਨੇ; ਇਵੇਂ ਹੀ ਉਹਨਾਂ ਨੂੰ ਅਗਵਾਈ ਦੇਣ ਲਈ ਰਾਹ ਵੀ ਦੋ ਨੇ; ਅਰਥਾਤ ਜਾਂ ਤੇ ਜੀਂਦੇ ਮਰਿਆ ਜਾਵੇ (ਜਸ ਨਾਲ ਮਰ ਕੇ ਮੁਕਤ ਦੁਆਰੜਾ ਮਿਲੇਗਾ) ਜਾਂ ਮਰ ਕੇ ਆਵਾ-ਗਾਉਣ ਵਿਚ ਫਿਰਿਆ ਜਾਵੇ। ਗੁਰੂ ਬਾਬਾ ਜੀ ਦੀ ਖਸਮ ਕੀ ਬਾਣੀ ਇਹਨਾਂ ਤੱਤਾਂ ਨੂੰ ਚੰਗੀ ਤਰ੍ਹਾਂ ਉਘੇੜਦੀ ਏ।

'ਖਸਮ ਦੀ ਬਾਣੀ' ਦਾ ਇਹੋ ਨਿਰਣਾ ਏ ਕਿ ਹਉਮੈ ਨੂੰ ਉਹ ਹੀ ਤਿਆਗੇਗਾ ਜੋ ਪਹਿਲਾ ਰਾਹ ਅਪਣਾਏਗਾ। ਜਿਸ ਨੂੰ ਸਤਿਗੁਰੂ ਰਾਹ ਦਿਖਾ ਕੇ ਗੁਰਮੁਖਤਾਈ, ਗੁਰਮੱਤ ਇਨਸਾਨੀਅਤ ਤੇ ਭਗਤੀ ਬਖਸ਼ੇਗਾ, ਅਤੇ ਅਜੇਹਾ ਗੁਰਮੁਖ ਪਿਆਰਾ ਸਤਿਗੁਰੂ ਦੇ ਭਉ ਵਿਚ ਰਹਿ ਆਪਣਾ ਆਪ ਪਛਾਣ ਸਿਮਰਣ ਜੁਗਤਿ ਪਛਾਣੇਗਾ :

ਗੁਰ ਬਿਨੁ ਕਿਨੈ ਨ ਪਾਇਓ ਕੇਤੀ ਕਹੈ ਕਹਾਏ ॥
ਆਪਿ ਦਿਖਾਵੈ ਵਾਟੜੀ ਸਚੀ ਭਗਤਿ ਦ੍ਰਿੜਾਏ ॥

ਜਿਸਨੂੰ ਅਸਥਾਈ ਜ਼ਿੰਦਗੀ ਦੇ ਰੂਪ ਰੰਗਾਂ ਦਾ ਪਤਾ ਚਲੇਗਾ, ਉਹ ਇਸ ਜ਼ਿੰਦਗੀ ਦੇ ਅਸਥਾਈ ਰੂਪ ਰੰਗਾਂ ਵਿਚ ਖਚਿਤ ਹੋਣ ਦੀ ਬਜਾਏ ਕਿਸੇ ਸਥਾਈ ਚੀਜ਼ ਦੀ ਭਾਲ ਕਰੇਗਾ ਤੇ ਜਿਸ ਦਾ ਫਲ ਸਰੂਪ ਜਦ ਸਦੇ ਵਿਚ ਅਸਥਾਈ ਜ਼ਿੰਦਗੀ ਦੀਆਂ ਕਾਮਨਾਵਾਂ ਨਾ ਵਸਣਗੀਆਂ, ਤਾਂ ਉਹ ਅਕਾਲ ਪੁਰਖ ਦੀਆਂ ਦਾਤਾਂ ਵਿਚ ਭੁਲਣ ਦੀ ਬਜਾਏ ਮਰਨ ਤੋਂ ਪਹਿਲਾਂ ਪਹਿਲਾਂ ਉਸ ਸਥਾਈ ਚੀਜ਼ ਨੂੰ ਭਾਲਦਾ ਭਾਲਦਾ ਮੁੜ ਉਸੇ ਵਿਚ ਹੀ ਸਮਾ ਜਾਵੇਗਾ। ਸਤਿਗੁਰੂ ਨਾਨਕ ਜੀ ਨੇ ਉਪਦੇਸ਼ਿਆ ਕਿ ਇਹ ਲਾਲ, ਇਹ ਹੀਰਾ ਸਤਿਗੁਰੂ ਦੀ ਸ਼ਰਨ ਆਣ ਤੋਂ ਬਿਨਾਂ ਨਹੀਂ ਮਿਲੇਗਾ, ਪਰ ਇਸ ਹੀਰੇ ਨਾਮ ਤੋਂ ਬਿਨਾਂ ਜੀਵਣ ਮੌਤ ਦਾ ਸੁਮੇਲ ਨਹੀਂ ਹੋ ਸਕਦਾ ਤੇ ਸਾਕਤ ਨਰ ਨਾਵਹੁ ਭੁਲੇ ਬੇਤਾਲਾਂ ਵਾਂਗ ਘੁੰਮਦੇ ਫਿਰਨਗੇ।

॥ ਪਉੜੀ ॥

'ਚਾਰੇ ਕੁੰਡਾ ਦੇਖਿ ਅੰਦਰ ਭਾਲਿਆ ॥
ਸਚੈ ਪੁਰਖ ਅਲਖ ਸਿਰਜਿ ਨਿਹਾਲਿਆ ॥
ਉਝੜਿ ਭੁਲੇ ਰਾਹ ਗੁਰਿ ਵੇਖਾਲਿਆ ॥
ਸਤਿਗੁਰ ਸਚੇ ਵਾਹੁ ਸਚੁ ਸਮਾਲਿਆ ॥
ਪਾਇਆ ਰਤਨ ਘਰਾਹੁ ਦੀਵਾ ਬਾਲਿਆ ॥
ਸਚੈ ਸਬਦਿ ਸਲਾਹਿ ਸੁਖੀਏ ਸਚੁ ਵਾਲਿਆ ॥
ਨਿਡਰਿਆ ਡਰੁ ਲਗਿ ਗਰਬਿ ਸਿ ਗਾਲਿਆ॥
ਨਾਵਹੁ ਭੁਲਾ ਜਗੁ ਫਿਰੈ ਬੇਤਾਲਿਆ ॥

ਸਤਿਗੁਰੂ ਜਦੋਂ ਰਾਹ ਵਿਖਾ, ਭੁੱਲੜ ਮਨੁਖਾਂ ਅੰਦਰ ਗੁਰਮਤ ਦਾ ਦੀਵਾ ਬਾਲੇਗਾ ਤਾਂ ਨਾਮ ਦੇ ਦੁਸ਼ਮਣ ਆਪਣੇ ਆਪ ਖ਼ਤਮ ਹੋ ਜਾਣਗੇ। ਅਗੇ 'ਖਸਮ ਦੀ ਬਾਣੀ' ਇਹ ਤੱਤ ਬਿਆਨਦੀ ਏ ਜੋ ਹਉਮੈ ਨਾਮ ਦਾ ਕੱਟੜ ਦੁਸ਼ਮਣ ਏ ਤੇ ਬਾਕੀ ਸਭ ਔਗਣ ਹਉਮੈ ਦਾ ਹੀ ਪਸਾਰਾ ਨੇ।

ਅਰਥਾਤ ਹਉਮੈ ਤੋਂ ਕਾਮ, ਕ੍ਰੋਧ, ਲੋਭ, ਮੋਹ ਦੀ ਉਤਪਤੀ ਹੁੰਦੀ ਹੈ ਤੇ ਹਉਮੈ ਦਾ ਸਿਖਰ ਮਨੁਖ ਦਾ ਅੰਤ ਏ, ਤੇ ਅਜੇਹਾ ਅੰਤ—ਅੰਤ ਨਹੀਂ ਬਲਕਿ ਸਦੀਵ ਜੰਮਣ ਮਰਨ ਦੇ ਚਕਰ ਵਿਚ ਪਾਈ ਰਖਦਾ ਏ। ਸਤਿਗੁਰੂ ਸਚੇ ਪਾਤਸ਼ਾਹ ਨੇ ਇਸ ਸਭ ਕਾਸੇ


www.AKJ.Org

ਨੂੰ ਆਪਣੀ 'ਖਸਮ ਕੀ ਬਾਣੀ' ਵਿਚ ਬਹੁਤ ਚੰਗੀ ਤਰ੍ਹਾਂ ਨਿਖੇੜਿਆ ਏ।

ਇਸ ਤੋਂ ਸਾਫ਼ ਪਤਾ ਲਗ ਗਿਆ ਕਿ ਹਉਮੈ ਛਡਣ ਨਾਲ ਹੀ ਨਾਮ ਦੀ ਪ੍ਰਾਪਤੀ ਹੋਵੇਗੀ ਤੇ ਨਾਮ ਪ੍ਰਾਪਤ ਕਰਨ ਨਾਲ ਹੀ ਸਹੀ ਜੀਵਨ ਜਾਚ ਪਤਾ ਲਗੇਗੀ। ਨਾਮ ਸਿਰਫ ਸੁਣ ਮੰਨਣਾਂ ਹੀ ਨਹੀਂ ਬਲਕਿ ਆਪਣੇ ਆਪ ਨੂੰ 'ਗੁਰਮੁਖਿ' ਵਿਧੀ ਦੁਆਰਾ ਸਬਦ ਨਾਲ ਅਭੇਦ ਕਰਨਾ ਹੈ :

'ਸੁਣਿ ਸਿਖਿਐ ਸਾਦੁ ਨਾ ਆਇਓ
ਜਿਚਰ ਗੁਰਮੁਖਿ ਸਬਦੁ ਨ ਲਾਗੈ ॥'

ਹੁਣ ਸਾਨੂੰ ਇਹ ਵੇਖਣਾ ਪਵੇਗਾ ਕਿ ਗੁਰੂ ਬਾਬਾ ਜੀ ਨੇ 'ਪੂਰੇ' ਜਾਂ 'ਸਚੇ' ਸਤਿਗੁਰੂ ਤੇ ਕਿਉਂ ਬਾਰ ਬਾਰ ਜ਼ੋਰ ਦਿਤੇ। ਗੁਰੂ ਸਾਹਿਬਾਂ ਦੇ ਵੇਲੇ ਤੇ ਹੁਣ ਵੀ ਅਣਗਿਣਤ ਸਾਧ, ਫ਼ਕੀਰ, ਰਮਲੇ ਤੇ ਗੁਰੂ ਆਪੋ ਆਪਣੀ ਥਾਂ ਅੱਡੇ ਜਮਾਈ ਬੈਠੇ ਸਨ। ਸਤਿਗੁਰੂ ਨਾਨਕ ਦੇਵ ਜੀ ਨੇ ਥਾਂ ਥਾਂ ਜਾ, ਉਹਨਾਂ ਭੁਲੜ ਸਾਧਾਂ ਨੂੰ ਅਸਲ ਮਾਰਗ ਦਸਿਆ ਤੇ ਆਪਣੀ ਰਬਾਬ ਨਾਲ ਕੀਰਤਨ ਕਰਕੇ ਉਹਨਾਂ ਦੇ ਹਿਰਦਿਆਂ ਵਿਚ ਠੰਢ ਪਾਈ। ਸਤਿਗੁਰੂ ਜੀ ਦੇ ਉਪਦੇਸ਼ ਸੁਣ ਕੇ ਸਿਧਾਂ ਲਈ ਇਹ ਮੰਨਣਾ ਭਾਵੇਂ ਮੁਸ਼ਕਲ ਸੀ ਕਿ ਸਚਾ ਗੁਰੂ ਕਲਜੁਗ ਵਿਚ 'ਗੁਰੂ ਬਾਬੇ ਦਾ ਸ਼ਬਦ' ਹੈ, ਪਰ ਫਿਰ ਵੀ ਉਹਨਾਂ ਨੂੰ ਬਾਬੇ ਨਾਨਕ ਦਾ ਸ਼ਬਦ ਸਵੀਕਾਰ ਕਰਨਾ ਹੀ ਪਿਆ :—

'ਸਿਧ ਬੋਲਨਿ ਸੁਭ ਬਚਨਿ
ਧਨੁ ਨਾਨਕ ਤੇਰੀ ਵਡੀ ਕਮਾਈ ॥
ਵਡਾ ਪੁਰਖੁ ਪਰਗਟਿਆ
ਕਲਜੁਗਿ ਅੰਦਰਿ ਜੋਤਿ ਜਗਾਈ ॥'
(ਭਾਈ ਗੁਰਦਾਸ)

ਗੁਰੂ ਬਾਬਾ ਜੀ ਨੇ ਜਦੋਂ ਸਿਧਾਂ ਨਾਲ ਗੋਸ਼ਿਟ ਕੀਤੀ ਤਾਂ ਉਹਨਾਂ ਨੂੰ 'ਸਬਦ' ਗੁਰੂ ਬਾਰੇ ਖੁਲਾ ਨਿਰਣਾ ਦਿਤਾ ਤੇ ਉਹਨਾਂ ਹੈ ਸਹੱਜ ਅਵਸਥਾ ਗ੍ਰਹਿਣ ਕਰ ਤੱਤ ਵਿਚਾਰਣ ਲਈ ਆਖਿਆ; ਨਿਰਾ ਪਰੇਰਿਆ ਹੀ ਨਹੀਂ ਬਲਕਿ ਐਸੇ ਤਰੀਕੇ ਨਾਲ ਮਨਾਇਆ ਕਿ ਸਿੱਧਾਂ ਪਾਸ ਸਵਾਏ ਕਿ ਉਹ ਗੁਰੂ ਸਾਹਿਬ ਦੇ ਮਗਰ ਲਗਦੇ, ਹੋਰ ਕੋਈ ਚਾਰਾ ਨਾ ਰਿਹਾ-ਇਹ ਸੀ ਸਿਫਤ ਗੁਰੂ ਬਾਬੇ ਅਰਥਾਤ 'ਸਚੇ ਸਤਿਗੁਰੂ' ਵਿਚ ਬਾਕੀ ਕੱਚਿਆਂ, ਮੂਰਖਾਂ ਤੇ ਪਖੰਡੀਆਂ ਬਾਬਤ ਆਪ ਜੀ ਨੇ ਭਗਤ ਨਾਮਦੇਉ ਜੀ ਦੀ ਫਿਲਾਸਫੀ ਨੂੰ ਦੁਰਾਹਿਆ :

'ਹਿੰਦੂ ਅੰਨਾ ਤੁਰਕੁ ਕਾਣਾ ॥
ਦੁਹਾ ਤੇ ਗਿਆਨੀ ਸਿਆਣਾ ॥

ਫਿਰ ਆਪ ਨੇ ਗਿਆਨੀ ਪਦ ਨੂੰ ਸਪਸ਼ਟ ਕੀਤਾ :

'ਸੋ ਗਿਆਨੀ ਜਿਨਿ ਸਬਦਿ ਲਿਵਲਾਈ ॥
ਮਨਮੁਖ ਹਉਮੈ ਪਤਿ ਗਵਾਈ ॥

ਜੇ ਕਰ ਹਿੰਦੂ 'ਪਰਮ-ਹਿੰਦੂ' ਤੇ ਮੁਸਲਮਾਣ 'ਪਰਮ-ਮੁਸਲਮਾਨ' ਬਣ ਜਾਵੇ ਤਾਂ ਉਹ ਗਿਆਨੀ ਕਹਿਲਾਉਣ ਦੇ ਹੱਕਦਾਰ ਹੋਣਗੇ। 'ਗਿਆਨੀ' ਤੋਂ ਮਤਲਬ ਉਹ ਗੁਰਸਿਖ ਮਰਜੀਵੜਾ ਏ ਜਿਸਨੇ ਸਤਿਗੁਰੂ ਦੇ ਪਗੀਂ ਪੈ ਅਮ੍ਰਿਤ ਰਸ ਦੇ ਘੁੱਟ ਗਟਾ ਗਟ ਪੀਤੇ ਹੋਣ। ਬਾਕੀ ਜੇ ਕੋਈ ਸਿਖ ਜਾਂ ਕਿਸੇ ਹੋਰ ਧਰਮ ਦੇ ਪ੍ਰਚਾਰਕ ਨੂੰ ਜਿਸਨੂੰ ਬ੍ਰਹਮ ਗਿਆਨ ਦੀ ਸੋਝੀ ਨਹੀਂ—ਗਿਆਨੀ ਆਖੇ ਤਾਂ ਇਹ ਕੇਵਲ ਉਸ ਸ਼ਖਸ ਦੀ ਗਲਤੀ ਹੀ ਨਹੀਂ ਬਲਕਿ ਇਸਤਰ੍ਹਾਂ ਕਰਨ ਨਾਲ ਉਹ 'ਗਿਆਨੀ' ਲਫ਼ਜ਼ ਦੀ ਬੇਅਦਬੀ ਕਰ ਰਿਹਾ ਹੋਵੇਗਾ। ਬਿਨਾਂ ਸੇਵਾ ਤੋਂ, ਬਿਨਾਂ ਸਿਮਰਣ ਤੋਂ, ਬਿਨਾਂ ਘਾਲ ਤੋਂ, ਬਿਨਾਂ ਆਪਾ ਤਿਆਗੇ ਤੋਂ, ਬਿਨਾਂ


www.AKJ.org

ਅੰਮ੍ਰਿਤ ਰਸ ਪੀਤੇ ਤੋਂ ਹਉਮੈ ਦੂਰ ਨਹੀਂ ਹੋ ਸਕਦੀ, ਅਰਥਾਤ ਨਾਮ ਹਿਰਦੇ ਵਿਚ ਵੱਸ ਨਹੀਂ ਸਕਦਾ ਅਤੇ ਜਿਸਦਾ ਫਲ ਸਰੂਪ ਅਜੇਹੇ ਨਰ ਚਾਹੇ ਉਹ ਪਖੰਡ ਧਾਰਨ ਕਰਕੇ, ਕਿਸੇ ਵੀ ਧਰਮ ਦੇ ਅਨੁਆਈ ਕਿਉਂ ਨਾ ਹੋਣ, ਉਹਨਾਂ ਨੂੰ ਅਸੀਂ 'ਸਾਕਤ' ਹੀ ਆਖਾਂਗੇ।

ਫਿਰ ਸੱਚ ਤੇ ਝੂਠ ਦੀ ਪਛਾਣ ਕਿਵੇਂ ਕੀਤੀ ਜਾਵੇ ? ਇਸ ਪਰ ਸਤਿਗੁਰੂ ਜੀ ਦਾ ਉਪਦੇਸ਼ ਸੀ:

ਕੂੜ ਨਿਖੁਟੇ ਨਾਨਕਾ ਓੜਕ ਸਚ ਰਹੀ ॥

ਪਾਖੰਡ, ਵਿਕਾਰ, ਵਹਿਸ਼ਤ, ਬੇਇਨਸਾਫ਼ੀ ਤੇ ਕੁਕਰਮ ਆਦਿ ਕੁਝ ਸਮਾਂ ਹੀ ਰਹਿ ਸਕਦੇ ਨੇ, ਅੰਤ ਜਿਤ ਸੱਚ ਦੀ ਹੁੰਦੀ ਏ ਤੇ ਸਚੇ ਪੁਰਖਾਂ ਦਾ ਪ੍ਰਕਾਸ਼ ਜੁਗਾਂ ਜੁਗਾਂ ਤਕ ਕਾਇਮ ਰਹਿੰਦਾ ਏ ਜਿਸ ਦਾ ਦੂਸਰਾ ਮਤਲਬ ਉਹ ਮਰਦੇ ਨਹੀਂ ਬਲਕਿ ਉਹਨਾਂ ਦਾ ਮਰਨਾ ਸਦ-ਜੀਵਨ ਤੇ ਜੀਵਨ ਆਪਾ-ਤਿਆਗ ਹੁੰਦਾ ਏ ਅਤੇ ਉਹ ਜ਼ਿੰਦਗੀ ਦਾ ਰਸ ਪੂਰਨ ਤਰੀਕੇ ਨਾਲ ਮਾਣਦੇ ਹੋਏ ਅਕਾਲ ਪੁਰਖ ਨਾਲ ਇਕ ਮਿਕ ਹੋ ਜਾਂਦੇ ਨੇ।

ਫਿਰ ਸਤਿਗੁਰੂ ਜੀ ਨੇ ਉਪਦੇਸ਼ਿਆ ਕਿ ਜਦ ਭਗਤ ਆਤਮਾ ਸਤਿਗੁਰੂ ਨਾਲ ਇਕ ਮਿਕ ਹੋ, ਅਕਾਲ ਪੁਰਖ ਨਾਲ ਅਭੇਦ ਹੋ ਜਾਵੇਗੀ ਤਾਂ ਜਿਵੇਂ ਅਕਾਲ ਪੁਰਖ ਦਾ ਪਸਾਰਾ 'ਹੈ ਭੀ ਸਚੁ ਤੇ ਹੋਸੀ ਭੀ ਸਚੁ' ਏ, ਇਵੇਂ ਉਸ ਭਗਤ-ਆਤਮਾਂ ਦਾ ਪ੍ਰਕਾਸ਼ ਵੀ ਜੁਗਾਂ ਜੁਗਾਂ ਅੰਦਰ ਖਿੜਿਆ ਰਹੇਗਾ—ਉਹ ਮਰਨਗੇ ਨਹੀਂ ਬਲਕਿ 'ਤੱਤ ਨਾਲ ਤੱਤ' ਰਲਾ ਇੰਜ ਅਭੇਦ ਹੋ ਜਾਣਗੇ ਜਿਵੇਂ 'ਸੂਰਜ ਤੇ ਕਿਰਣ' ਤੇ 'ਜਲ ਤੇ ਬੂੰਦ' । ਫਿਰ ਜੇ 'ਮਰਨ-ਜੀਣ' ਦੀ ਸੋਝੀ ਹੁੰਦੀ ਏ ਨਾਮ ਜਪਣ ਤੇ, ਨਾਮ ਜਪ ਹੁੰਦਾ ਏ ਹਉਮੈਂ ਛਡਣ ਤੇ, ਨਾਮ ਸਤਿਗੁਰੂ ਦ੍ਰਿੜਾਉਂਦਾ ਏ ਤੇ ਸਤਿਗੁਰੂ 'ਪੂਰਾ ਗੁਰੂ' ਹੀ ਹੋ ਸਕਦਾ ਏ ਫਿਰ ਇਹ ਪਰਤੱਖ ਹੋਇਆ ਕਿ ਸਚਾ ਸਤਿਗੁਰੂ ਜਦ ਤਕ ਨਾਮ ਨਾ ਦ੍ਰਿੜਾਵੇ 'ਮਰਣ-ਜੀਣ' ਦੀ ਸੋਝੀ ਨਹੀਂ ਹੋ ਸਕਦੀ ਤੇ ਜਿਸਦੇ ਨਤੀਜੇ ਵਜੋਂ ਸਾਕਤ ਨਰ 'ਭੰਭਲ ਭੂਸੇ ਤੇ ਡਾਂਗ-ਡਗੂੰਸੇ' ਰਚਾਉਂਦੇ ਹੋਏ ਜਮਪੁਰੀ ਨੂੰ ਧਾਈ ਕਰਦੇ ਨੇ :

ਮਨ ਰੇ ਹਉਮੈ ਛੋਡਿ ਗੁਮਾਨ ।
ਹਰਿ ਗੁਰ ਸਰਵਰੁ ਸੇਵ ਤੂ ਪਾਵਹਿ ਦਰਗਹ ਮਾਨੁ ।

ਜੇ 'ਮਰਣ-ਜੀਵਣ' ਫਿਲਾਸਫੀ ਸਬੰਧੀ ਦੁਨਿਆਵੀ ਪੱਖ ਦਾ ਅਧਿਆਨ ਕਰੀਏ ਤਾਂ ਸਾਨੂੰ ਪਤਾ ਲਗੇਗਾ ਕਿ ਜੋ ਸਤਿਗੁਰੂ ਨਾਨਕ ਜੀ ਨੇ ਆਪਣੀ 'ਖਸਮ ਦੀ ਬਾਣੀ' ਵਿਚ ਸਫਲ-ਜ਼ਿੰਦਗੀ ਸਬੰਧੀ ਅਦੇਸ਼ ਜਾਰੀ ਕੀਤੇ ਉਹ ਕੇਵਲ ਆਤਮਿਕ ਉਚਤਾ ਹੀ ਕਾਇਮ ਨਹੀਂ ਕਰ ਸਕੇ ਬਲਕਿ ਦੁਨਿਆਵੀ ਜ਼ਿਦਗੀ ਵੀ ਸਫਲ ਬਣਾ ਸਕੇ ਨੇ। ਮਨੁਖ ਇਸ ਸਮਾਜ ਦੇ ਗੰਦੇ ਹਚਕੋਲਿਆਂ ਤੋਂ ਸਦਾ ਬਚਿਆ ਰਹਿ ਸਕਦਾ ਏ ਜੇ ਕਰ ਉਹ ਬਾਬੇ ਨਾਨਕ ਦੇ ਅਸੂਲਾਂ ਦੀ ਅਗਵਾਈ ਵਿਚ ਰਹੇ । ਸਭ ਤੋਂ ਪਹਿਲਾਂ ਗੁਰੂ ਬਾਬਾ ਜੀ ਨੇ ਇਹ ਦਸਿਆ ਕਿ ਜੇ ਮਨੁਖ ਸਫਲ ਜ਼ਿਦਗੀ ਜੀਣਾ ਚਾਹੁੰਦਾ ਹੈ ਤਾਂ ਉਹ ਆਪਣੀ ਜ਼ਿੰਦਗੀ ਨੂੰ ਅਮਲੀ ਜ਼ਿੰਦਗੀ ਬਣਾਏ, ਵਿਖਾਵਾ ਛਡੇ, ਭਰਮਾਂ ਨੂੰ ਤਿਲਾਂਜਲੀ ਦੇਵੇ, ਵਹਿਮ ਤੇ ਪਾਖੰਡ ਦਾ ਸਦੀਵ ਤਿਆਗ ਕਰੇ ।

ਫਿਰ ਸਫਲ ਜ਼ਿੰਦਗੀ ਜੀਣ ਲਈ ਹਕ ਦੀ ਕਮਾਈ ਕਰੇ, ਪਰਾਇਆ ਹਕ ਨਾ ਖਾਵੇ । ਸਫਲ ਕਰਮ, ਸਫਲ ਖਾਣ ਤੇ ਸਫਲ ਪਹਿਨਣ ਨੂੰ ਆਪਣੀ ਜ਼ਿੰਦਗੀ ਦਾ ਮੁਖ ਅਸੂਲ ਸਮਝੇ ਝੂਠ ਫਰੇਬ, ਮਕਾਰੀ,


www.AKJ.Org

ਧੋਖਾ, ਚੋਰੀ ਆਦਿ ਤੋਂ ਸਦਾ ਸਦਾ ਬਚੇ। ਅਕ੍ਰਿਤਘਣ ਨਾ ਬਣੇ; ਲੂਣ ਖਾ ਕੇ ਬੁਰਾ ਨਾ ਮੰਗੇ; ਇਨਸਾਨੀਅਤ ਦਾ ਸਦਾ ਗਾਹਕ ਬਣੇ; ਸ਼ੈਤਾਨੀ ਤਾਕਤਾਂ ਨਾਲ ਨਿਧੜਕ ਹੋ ਕੇ ਟਾਕਰਾ ਲਵੇ। ਇਹ ਨਾ ਸਮਝਿਆ ਜਾਵੇ ਕਿ ਜੇ ਉਹ 'ਹਰਾਮ ਦੀ ਕਮਾਈ' ਧਰਮ-ਲੇਖੇ ਲਾ ਦੇਵੇ ਉਹ ਸਫ਼ਲ ਬਣ ਜਾਵੇਗੀ—ਨਹੀਂ ! ਸਗੋਂ ਉਸਦੀ ਆਤਮਾ ਦਿਨੋ ਦਿਨ ਹੋਰ ਨੀਵੀਂ ਹੁੰਦੀ ਜਾਵੇਗੀ ਤੇ ਫੋਕਾ ਪੂਜਾ ਪਾਠ ਬੇਅਸਰ ਰਹੇਗਾ।

ਸਫਲ ਜ਼ਿੰਦਗੀ ਬਤੀਤ ਕਰਦੇ ਹੋਏ ਜੇ ਉਸਨੂੰ ਸੰਸਾਰੀ ਸੁਖ ਅਕਾਲ ਪੁਰਖ ਵਲੋਂ ਬਖਸ਼ੇ ਹੋਣ ਤਾਂ ਉਹ ਆਪਣੇ ਆਪ ਨੂੰ ਇਹਨਾਂ ਵਿਚ ਹੀ ਨਾਂ ਗਵਾ ਬੈਠੇ ਸਗੋਂ ਸਦਾ ਸਦਾ, ਖਿਨ ਖਿਨ ਅਕਾਲ ਪੁਰਖ ਦਾ ਸ਼ੁਕਰ ਕਰੇ ਤੇ ਉਸਦਾ ਨਾਮ ਜਪੇ, ਸਿਮਰਣ-ਜੁਗਤਿ ਉਸਨੂੰ ਕੇਵਲ ਸਚਾ-ਸਤਿਗੁਰੂ ਹੀ ਦਰਸਾ ਸਕਦਾ ਏ ਜਿਸ ਸਚੇ ਸਤਿਗੁਰੂ ਨੂੰ ਫਿਰ ਦਸਵੀਂ ਜੋਤ ਨੇ ਪੰਜਾਂ ਪਿਆਰਿਆਂ ਵਿਚ ਨਿਰੂਪਣ ਕੀਤਾ।

ਸਫਲ ਜ਼ਿੰਦਗੀ ਜੀਣ ਲਈ ਹਰ ਮਨੁਖ ਆਪਣਾ ਆਚਾਰ, ਵਿਚਾਰ ਤੇ ਸਦਾਚਾਰ ਗੁਰਮਤ ਅਨੁਕੂਲ ਅਪਣਾਵੇ ਤੇ ਉਹਨਾਂ ਕਾਰਾਂ ਵਿਹਾਰਾਂ ਤੋਂ ਸਦਾ ਸ਼ਰਮਸਾਰ ਰਹੇ ਜੋ ਗੁਰਮਤ ਅਨੁਕੂਲ ਮਨੱਮਤ ਕਰਾਰ ਦਿਤੇ ਹੋਣ। ਉਹ ਖਾਣਾ, ਉਹ ਪਹਿਨਣਾ ਤੇ ਉਹ ਸਉਣਾ ਸਦਾ ਤਿਆਗਿਆ ਜਾਵੇ ਜਿਸ ਦੁਆਰਾ ਵਿਕਾਰ ਪੈਦਾ ਹੁੰਦੇ ਹੋਣ। ਦੁਨਿਆਵੀ ਸੁਖਾਂ ਨੂੰ ਅਕਾਲ ਪੁਰਖ ਦੀ ਬਖਸ਼ਸ਼ ਸਮਝੇ।

ਇੰਜ ਸਫਲ ਜ਼ਿੰਦਗੀ ਬਤੀਤ ਕਰਨ ਤੋਂ ਬਾਅਦ ਮੌਤ ਉਸਨੂੰ ਫਾਹਾ ਨਹੀਂ ਪਾਵੇਗੀ; ਉਹ ਸਦਾ ਸਦਾ ਜਮਪੁਰੀ ਤੋਂ ਦੂਰ ਰਹਿ ਕੀਰਤਨ ਨਾਮ ਵਿਚ ਗਲਤਾਨ ਰਹੇਗਾ, ਤੇ ਸਫਲ ਜ਼ਿੰਦਗੀ ਦਾ ਅੰਤ ਉਹੀ ਹੋਵੇਗਾ ਜੋ ਗੁਰੂ ਬਾਬਾ ਜੀ ਨੇ ਆਪਣੀ 'ਮੌਤ-ਫਿਲਾਸਫੀ' ਵਿਚ ਦਰਸਾਇਆ ਏ।

ਇਹ ਸੀ ਦੁਨੀਆਵੀ ਪੱਖ ਜੋ ਗੁਰੂ ਬਾਬਾ ਜੀ ਨੇ ਆਪਣੀ 'ਮੌਤ ਫ਼ਿਲਾਸਫ਼ੀ—ਅਰਥਾਤ ਮਰਨਾ ਤੇ ਜੀਊਣਾ' ਵਿਚ ਉਜਾਗਰ ਕੀਤਾ। 'ਵਾਰ ਆਸਾ' ਸਾਡੇ ਪਾਸ ਇਸ ਪੱਖ ਦਾ ਇਕ ਸੁੰਦਰ ਨਮੂਨਾ ਏ। ਜੇ ਅਸੀਂ ਇਹ ਹੱਕ ਰਖਦੇ ਹਾਂ ਕਿ ਅਸੀਂ ਆਪਣੇ ਆਪ ਨੂੰ ਗੁਰੂ ਨਾਨਕ ਸਾਹਿਬ ਦੇ ਨਾਮ-ਲੇਵਾ ਸਿਖ ਅਖਵਾਈਏ ਤਾਂ ਕੀ ਸਾਡੇ ਵਾਸਤੇ ਜ਼ਰੂਰੀ ਨਹੀਂ ਕਿ ਅਸੀਂ ਗੁਰੂ ਬਾਬਾ ਜੀ ਦੀਆਂ ਇਹਨਾਂ ਸਿਖਿਆਵਾਂ ਦਾ ਹੋਰ ਅਧਿਅਨ ਕਰੀਏ ਤੇ ਇਹਨਾਂ ਤੇ ਅਮਲ ਕਰਦੇ ਹੋਏ ਗੁਰੂ ਬਾਬਾ ਜੀ ਦੇ ਉਪਦੇਸ਼ਾਂ ਦਾ ਹੋਰ ਸਹੀ ਪੱਖ ਉਘੇੜੀਏ, ਪਰ ਜੇ ਅਸੀਂ ਆਧੁਨਿਕ ਹਾਲਤ ਦੇਖੀਏ ਤਾਂ ਸਾਨੂੰ ਇਸ ਤੋਂ ਕੁਛ ਉਲਟ ਜਾਪੇਗਾ। ਅਸੀਂ ਨਾਮ ਨੂੰ ਤਾਂ ਸਤਿਗੁਰੂ ਜੀ ਦੇ ਨਾਮ ਲੇਵਾ ਸਿਖ ਅਖਵਾਂਦੇ ਹਾਂ, ਪਰ ਸਾਡੀ ਕਰਣੀ ਉਹੋ ਹੀ ਹੈ ਜਿਸ ਬਾਬਤ ਗੁਰੂ ਬਾਬਾ ਜੀ ਨੇ ਬਾਕੀ ਲੋਕਾਂ ਨੂੰ ਥਾਂ ਥਾਂ ਫਿਰ ਕੇ ਸਮਝਾਇਆ, ਤੇ ਜੇ ਅਸੀਂ ਸਤਿਗੁਰੂ ਜੀ ਦੇ ਸਰਬ-ਸਾਂਝੇ ਪੈਗ਼ਾਮ ਨੂੰ ਕੋਲ ਸਾਂਭ ਕੇ ਵੀ ਬੇਖਬਰੇ ਤੇ ਬੇਸਮਝ ਰਹੀਏ ਤਾਂ ਇਸ ਵਿਚ ਕਿਸੇ ਦਾ ਵੀ ਕਸੂਰ ਨਹੀਂ ਬਲਕਿ ਸਾਡੀ ਆਪਣੀ ਢਿਲ ਤੇ ਕਮਜ਼ੋਰੀ ਹੀ ਹੋਵੇਗੀ ਜਿਸ ਲਈ ਸਾਨੂੰ ਅਤਿਅੰਤ ਸਾਵਧਾਨੀ ਦੀ ਲੋੜ ਏ। ਗੁਰੂ ਬਾਬਾ ਜੀ ਦੇ ਉਪਦੇਸ਼ ਤੇ ਸੁਲਝੀਆਂ ਗੁੰਝਲਾਂ, ਸਾਨੂੰ ਸਫਲ ਜ਼ਿੰਦਗੀ ਜੀਣ ਲਈ Highlights ਸਾਬਤ ਹੋ ਸਕਦੀਆਂ ਨੇ ਜੇ ਅਸੀਂ ਇਹਨਾਂ ਉਪਦੇਸ਼ਾਂ ਵਿਚ ਸਚਾ ਤੇ ਸੁੱਚਾ ਵਿਸ਼ਵਾਸ਼ ਰਖੀਏ। ਕਚੇ ਗੁਰੂਆਂ, ਵਹਿਮਾਂ, ਪਾਖੰਡਾਂ, ਵਿਕਾਰਾਂ ਤੇ ਹਉਮੈ ਤੋਂ ਪਰੇ ਹੋ ਕਸਵੱਟੀ ਤੇ ਪੂਰੇ ਉਤਰੀਏ। ਇਹ ਕਸਵੱਟੀ ਗੁਰੂ



www.AKJ.Org

ਬਾਬਾ ਜੀ ਨੇ ਬਹੁਤ ਨਿਧੜਕ ਹੋ ਕੇ ਪ੍ਰਚਾਰੀ।

'ਖੰਡੇਧਾਰ ਗਲੀ ਅਤਿ ਭੀੜੀ ॥
ਲੇਖਾ ਲੀਜੈ ਤਿਲ ਜਿਉ ਪੀੜੀ ॥
ਮਾਤ ਪਿਤਾ ਕਲਤ੍ਰ ਸੁਤ ਬੇਲੀ ਨਾਹੀ।
ਬਿਨ ਹਰਿਰਸੁ ਮੁਕਤਿ ਨਾ ਕੀਨਾ ਹੇ।

ਜਦ ਤਕ ਅਸੀਂ ਆਪਣਾ ਤੱਨ, ਮਨ, ਧਨ ਨਿਛਾਵਰ ਨਹੀਂ ਕਰਦੇ, ਅਰਥਾਤ ਸਫਲ ਜ਼ਿੰਦਗੀ ਆਪਾ ਤਿਆਗ ਹਉਮੈ ਰਹਿਤ ਹੋ ਬਤੀਤ ਨਹੀਂ ਕਰਦੇ ਸਾਡੀ ਜ਼ਿੰਦਗੀ ਸਦਾ ਕਠਿਨਾਈਆਂ ਵਿਚੋਂ ਗੁਜ਼ਰ ਭੰਬਲਭੂਸੇ ਖਾਂਦੀ ਫਿਰੇਗੀ ਤੇ ਜਿਸਦਾ ਫਲ ਸਰੂਪ ਸਾਡਾ ਅੰਤ ਦੁਖਦਾਈ ਹੁੰਦਾ ਹੋਇਆ ਸਾਨੂੰ ਜਮਪੁਰੀ ਵਲ ਘਸੀਟੀ ਫਿਰੇਗਾ।

ਨਤੀਜੇ ਵਜੋਂ, ਗੁਰੂ ਬਾਬਾ ਜੀ ਦਾ ਸਾਂਝਾ ਪੈਗ਼ਾਮ—ਜਿਸਦਾ ਮੌਤ ਫ਼ਿਲਾਸਫ਼ੀ ਇਕ ਹਿਸਾ ਏ—ਸਾਡੇ ਮਨੁਖੀ ਸੁਭਾਵਾਂ ਲਈ ਦੋਨੋਂ ਆਤਮਿਕ ਤੇ ਦੁਨਿਆਵੀ ਪਖਾਂ ਹਿੱਤ ਇਕ ਅਜੇਹਾ ਇਲਾਜ ਏ ਕਿ ਜੇ ਅਸੀਂ ਗੁਰੂ ਬਾਬਾ ਜੀ ਦੇ ਉਪਦੇਸ਼ਾਂ ਤੇ ਸਹੀ ਵਿਸ਼ਵਾਸ਼ ਕਰ ਉਹਨਾਂ ਦੀ ਦਸੀ ਕਸਵਟੀ ਤੇ ਪੂਰੇ ਉਤਰੀਏ ਅਰਥਾਤ ਅੰਮ੍ਰਿਤ ਛਕ ਗੁਰੂ ਵਾਲੇ ਬਣ ਨਾਮਦ੍ਰਿੜ ਕਰਾਈਐ; ਤਾਂ ਕੋਈ ਵਡੀ ਗਲ ਨਹੀਂ ਜੁ ਕਿ ਅਸੀਂ ਅਨਹਦ-ਫਿਲਾਸਫੀ ਦੀ ਪਹੁੰਚ ਤਕ ਪਹੁੰਚਦੇ ਹੋਏ ਸਫਲ ਜ਼ਿੰਦਗੀ ਜੀ, ਸਫਲ ਮਰਣਾ ਪਛਾਣ ਸਕਾਂਗੇ। ਨਹੀਂ ਤੇ ਸਾਡਾ ਆਇਆ ਨਿਹਫਲ ਤੇ ਸਾਡਾ ਜਾਣਾ (ਅੰਤ) ਵੀ ਦੁਖਦਾਈ ਹੁੰਦਾ ਹੋਇਆ ਸਾਨੂੰ ਜਮਪੁਰੀ ਵਲ ਘਸੀਟੀ ਫਿਰੇਗਾ ਕਸਵਟੀ ਪਰਖੇ ਤੋਂ ਬਿਨਾਂ, ਮਨੁਖ ਦੀ ਅਵਸਥਾ ਉਹਨਾਂ ਕੂਕਰਾਂ, ਸੂਕਰਾਂ (ਕੁਤਿਆਂ ਤੇ ਸੂਰਾਂ) ਜੋ ਜੋ ਆਵਾ ਗਾਉਣ ਦੇ ਚੱਕਰ ਵਿਚ ਖੇਹ ਉਡਾ ਧੱਕੇ ਖਾ ਰਹੇ ਹਨ, ਉਹਨਾਂ ਤੋਂ ਚੰਗੀ ਨਹੀਂ ਹੋਵੇਗੀ ਤੇ ਇੰਞ ਹਾਲ ਹੋਵੇਗਾ ਜਿਵੇਂ ਛੁੱਟੜ ਇਸਤ੍ਰੀ ਦਾ। ਗੁਰੂ ਬਾਬਾ ਜੀ ਦੀ 'ਖਸਮ ਦੀ ਬਾਣੀ' ਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਦਾ ਜੇ ਅਸੀਂ ਚੰਗੀ ਤਰਾਂ ਅਧਿਅਨ ਕਰੀਏ ਤਾਂ ਸਾਨੂੰ ਉਪਰੋਕਤ ਲਿਖੇ ਵਿਚਾਰ ਨਿਰੇ ਸਾਬਤ ਹੀ ਨਹੀਂ ਹੋਣਗੇ ਬਲਕਿ ਸਾਡੇ ਅੰਦਰ ਇਕ ਅਜੇਹਾ ਨੂਰਾਨੀ ਖੇੜਾ ਉਪਜੇਗਾ, ਕਿ ਅਸੀਂ ਸਦਾ ਸਦਾ ਖਿਨ-ਖਿਨ ਗੁਰੂ ਬਾਬਾ ਜੀ ਤੇ ਉਹਨਾਂ ਦ੍ਰਸਾਈ ਫਿਲਾਸਫੀ ਤੋਂ ਕੁਰਬਾਨ ਜਾਂਦੇ ਹੋਏ, ਕਸਵੱਟੀ ਨੂੰ ਪਛਾਣ, ਸਚੇ ਮਾਰਗ ਤੇ ਚਲਣ ਦੇ ਯੋਗ ਹੋ ਸਕਾਂਗੇ ਤੇ ਫਿਰ ਸਾਰਾ ਜਹਾਨ ਸਾਨੂੰ ਸਚੇ ਮਾਰਗ ਚਲਦਿਆਂ ਨੂੰ ਨਮਸਕਾਰ ਕਰੇਗਾ:

'ਸਚੈ ਮਾਰਗ ਚਲਦਿਆ ਉਸਤਤ ਕਰੇ ਜਹਾਨ'

ਲੋੜ ਹੈ, ਸਚੇ ਮਾਰਗ ਤੇ ਚਲਣ ਦੀ, ਕਸਵਟੀ ਪਰਖਣ ਦੀ, ਨਾਮ ਸਿਮਰਣ ਦ੍ਰਿੜ ਕਰਨ ਦੀ, ਸਿਮਰਣ ਜੁਗਤਿ ਪਛਾਨਣ ਦੀ ਕਚੇ ਗੁਰੂਆਂ ਦੇ ਪਖੰਡਾਂ ਤੋਂ ਸਦਾ ਸਦਾ ਪਾਸੇ ਰਹਿਣ ਦੀ। ਸਚਾ ਗੁਰੂ ਕਸਵਟੀ ਨੂੰ ਪਛਾਨਣ ਲਈ ਸਦਾ ਸਦਾ ਸਾਨੂੰ ਅਗਵਾਈ ਬਖਸ਼ੇਗਾ ਤੇ ਫਿਰ ਸਾਡਾ ਜੀਵਨ ਸਫਲ ਤੇ ਮਰਣਾ ਸੁਹੇਲਾ ਹੋ ਨਿਬੜੇਗਾ। ਅਸੀਂ ਜੀਂਦੇ ਮਰਾਂਗੇ ਤੇ ਮਰ ਕੇ ਜੀਵਾਂਗੇ ਭਾਵ ਸਾਡਾ ਜੀਵਨ 'ਆਪਾ-ਤਿਆਗ' ਸਤਿਗੁਰੂ ਦੀ ਚਰਨ-ਸ਼ਰਣ ਵਿਚ ਰਹਿ ਸਦਾ ਸਦਾ ਦੁਨਿਆਵੀ ਹਰਕੋਲਿਆਂ ਤੇ ਮਾਇਆ ਦੇ ਜਾਲ ਤੋਂ ਖਬਰਦਾਰ ਰਹੇਗਾ ਤੇ ਸਾਡੀ ਮੌਤ ਦੁਖਦਾਈ ਪੰਜਿਆਂ ਤੋਂ ਹਟ, ਮੁਕਤ-ਦੁਆਰੜਾ ਪਛਾਣ, ਤੱਤ ਨਾਲ ਤੱਤ ਰਲਾ 'ਸੂਰਜ ਤੇ ਕਿਰਣ' ਵਾਂਗ ਸੁਮੇਲ ਪੈਦਾ ਕਰਦੀ ਹੋਈ ਸਾਨੂੰ ਅਕਾਲ ਪੁਰਖ ਨਾਲ ਅਭੇਦ ਕਰ ਦੇਵੇਗੀ। ਸੋ ਲੋੜ ਹੈ ਨਿਜ ਤਿਆਗ, ਖਸਮ ਪਛਾਣ ਕਸਵਟੀ ਤੇ ਪੂਰੇ ਉਤਰਨ ਦੀ।


www.AKJ.Org

# * ਨਾਨਕ ਕੈ ਘਰਿ ਕੇਵਲ ਨਾਮੁ *

( ਵਲੋਂ—ਪ੍ਰੋ: ਗੁਰਮੁਖ ਸਿੰਘ ਜੀ ਐਮ.ਏ., ਟਾਂਡਾ ਉੜਮੁੜ )

*-*-*-*-*-*-*-*-*-*-*-*-*-*-*-*-*-*-*-*-*-*-*-*-*-*-*-*-*

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਭਾਰਤ ਦਾ ਜੋ ਧਾਰਮਕ ਅਥਵਾ ਅਧਿਆਤਮਕ ਵਾਤਾਵਰਣ ਸੀ, ਉਸ ਵਿਚ ਤਿੰਨ ਪ੍ਰਮੁਖ ਮਾਰਗ ਮੰਨੇ ਜਾਂਦੇ ਸਨ ਜਿਸ ਰਾਹੀਂ ਪ੍ਰਭੂ ਪ੍ਰਮਾਤਮਾ ਦੀ ਪ੍ਰਾਪਤੀ ਕੀਤੀ ਜਾ ਸਕਦੀ ਸੀ। ਸ੍ਰੀਮਦ ਭਾਗਵਤ ਗੀਤਾ ਵਿਚ ਸ੍ਰੀ ਕ੍ਰਿਸ਼ਨ ਜੀ ਨੇ ਇਹਨਾਂ ਮਾਰਗਾਂ ਨੂੰ ਮੁਖ ਰੂਪ ਵਿਚ ਤਿੰਨ ਹੀ ਦਸਿਆ ਹੈ :

(੧) ਭਗਤੀ ਮਾਰਗ (੨) ਕਰਮ ਮਾਰਗ ਅਤੇ (੩) ਗਿਆਨ ਮਾਰਗ। ਭਾਰਤੀ ਪਰੰਪਰਾ ਵਿਚ ਗੁਰੂ ਨਾਨਕ ਸਾਹਿਬ ਜੀ ਦੇ ਆਗਮਨ ਤਕ ਇਹਨਾਂ ਤਿੰਨਾਂ ਹੀ ਮਾਰਗਾਂ ਰਾਹੀਂ ਪ੍ਰਭੂ ਦੀ ਅਰਾਧਨਾ ਹੁੰਦੀ ਆਈ, ਸਿਧ, ਜੋਗੀ, ਤਪੀ, ਸਨਿਆਸੀ, ਭਗਤ-ਜਨ ਸਭ ਇਹਨਾਂ ਤਿੰਨਾਂ ਵਿਚੋਂ ਕਿਸੇ ਨ ਕਿਸੇ ਮਾਰਗ ਦੀ ਸ਼ਰਨ ਲੈ ਕੇ ਆਪਣੀ ਅਧਿਆਤਮਕ ਉੱਨਤੀ ਕਰਦੇ ਰਹੇ।

ਕਦੀ ਇਹ ਖ਼ਿਆਲ ਤਕ ਨਹੀਂ ਸੀ ਆਇਆ ਕਿ ਪ੍ਰਭੂ ਭਗਤੀ ਦੇ ਇਹਨਾਂ ਤਿੰਨਾਂ ਮਾਰਗਾਂ ਵਿਚ ਵੀ ਤਰੁਟੀ ਆ ਚੁਕੀ ਹੈ। ਜੋਗੀ ਅਨੇਕਾਂ ਆਸਨ ਕਰਦੇ, ਜੋਗ ਸਾਧਨਾ ਰਾਹੀਂ ਦਸਮ ਦੁਆਰ ਜਾ ਬਿਰਾਜਦੇ, (ਭਾਵ ਸਰੀਰ ਅਤੇ ਆਤਮਾ ਵਖੋ ਵਖ ਹਨ, ਇਸ ਦਾ ਅਨੁਭਵ ਕਰਦੇ) ਅਨੇਕਾਂ ਕਰਮ ਕਾਂਡ ਕਰਨ ਵਾਲੇ, ਮੋਨ ਰਹਿਣਾ, ਨਿਵਲੀ ਕਰਮ ਕਰਨੇ, ਵੇਦਾਂ ਅਨੁਸਾਰ ਦ੍ਰਿੜਾਏ ਕਈ ਪ੍ਰਕਾਰੀ ਕਰਮ ਕਾਂਡ ਦਾ ਅਭਿਆਸ ਕਰੀ ਜਾਣਾ ਇਕ ਉਤਮ ਸਾਧਨ ਸਮਝਦੇ ਸਨ। ਵੈਸ਼ਨਵ, ਸ਼ਿਵਾਇਟ, ਬ੍ਰਹਮੇ ਦੇ ਪੁਜਾਰੀ, ਇਹਨਾਂ ਤਿੰਨੇ ਪ੍ਰਮੁਖ ਦੇਵਤਿਆਂ ਦੀ ਪੂਜਾ ਅਰਾਧਨਾ ਅਤੇ ਭਗਤੀ ਨੂੰ ਹੀ ਆਪਣੀ ਕਲਿਆਣ ਦਾ ਮੁਖ ਸਾਧਨ ਸਮਝਦੇ ਸੀ ਅਜ ਵੀ ਇਹ ਗਲ ਉਵੇਂ ਜਿਵੇਂ ਚਲ ਰਹੀ ਹੈ। ਕਰਮ (ਜੋਗੀ) ਕਰਨਹਾਰੇ ਆਪਣੇ ਕਰਮਾਂ ਦੇ ਫਲ ਤੋਂ ਨਿਰਾਸ ਹੋ ਕੇ ਕੰਮ ਕਰੀ ਜਾਂਦੇ ਹਨ। ਗਿਆਨ ਮਾਰਗੀਏ ਵੇਦਾਂ ਸ਼ਾਸਤ੍ਰਾਂ ਅਤੇ ਸਿਮਰਤੀਆਂ ਦੇ ਧੁਰੰਦਰ ਵਿਦਵਾਨ ਬਣਨ ਨੂੰ ਆਪਣਾ ਕਲਿਆਣ ਸਮਝਦੇ ਹਨ।

ਪਰ ਗੁਰੂ ਨਾਨਕ ਦੇਵ ਜੀ ਦੇ ਘਰ ਇਹਨਾਂ ਤਿੰਨਾਂ ਮਾਰਗਾਂ ਵਿਚ ਮਨੁਖ ਦੀ ਕਲਿਆਣ ਨ ਹੁੰਦੀ ਦੇਖੀ। ਗੁਰੂ ਗੋਬਿੰਦ ਸਿੰਘ ਜੀ ਦੇ ਸ਼ਬਦਾਂ ਵਿਚ—

ਸ੍ਰਾਵਗ ਸੁਧ ਸਮੂਹ ਸਿਧਾਨ ਕੇ
ਦੇਖਿ ਫਿਰਿਓ ਘਰ ਜੋਗ ਜਤੀ ਕੇ॥
ਸੂਰ ਸੁਰਾਰਦਨ ਸੁੱਧ ਸੁਧਾਦਿਕ
ਸੰਤ ਸਮੂਹ ਅਨੇਕ ਮਤੀ ਕੇ॥
ਸਾਰੇ ਹੀ ਦੇਸ ਕੋ ਦੇਖਿ ਰਹਿਓ ਮਤ
ਕੋਊ ਨ ਦੇਖੀਅਤ ਪ੍ਰਾਨ ਪਤੀ ਕੇ॥
ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂ ਤੇ
ਏਕ ਰਤੀ ਬਿਨੁ ਏਕੁ ਰਤੀ ਕੇ॥

[ਸਵੱਯੇ ਪਾਤਸ਼ਾਹੀ ੧੦



www.AKJ.Org

ਗੁਰੂ ਨਾਨਕ ਦੇਵ ਜੀ ਨੇ ਕੌਮ ਦੀ ਨਬਜ਼ ਤੇ ਥ ਰਖਿਆ ਤੇ ਰੋਗ ਦੀ ਭਾਲ ਕੀਤੀ। ਉਹਨਾਂ ਹਿਸੂਸ ਕੀਤਾ ਕਿ ਜੋ ਇਲਾਜ ਹੁਣ ਤਕ ਹੁੰਦਾ ਾਇਆ ਹੈ, ਭਾਵੇਂ ਇਹੋ ਦਵਾਈਆਂ (ਗਿਆਨ, ਗਤੀ, ਕਰਮ) ਕਿਸੇ ਸਮੇਂ ਜੀਵ ਦਾ ਕਲਿਆਣ ਰਨ ਨੂੰ ਸਮਰਥ ਸਨ ਪਰ ਹੁਣ ਹਾਲਾਤ ਅਤੇ ਜੁਗ ਪਲਟ ਚੁਕਾ ਹੈ। ਮੌਸਮ ਬਦਲ ਗਿਆ ਹੈ, ਦਵਾਈ ਹੋਰ ਦੇਣੀ ਪਵੇਗੀ।

ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮ ਹੈ ॥
ਕਲਿ ਮਹਿ ਕੀਰਤ ਹਰਿ ਨਾਮਾ ॥੨॥
ਜੁਗਿ ਜੁਗਿ ਆਪੋ ਆਪਣਾ ਧਰਮ ਹੈ
ਸੋਧ ਦੇਖਹੁ ਬੇਦ ਪੁਰਾਨਾ ॥
ਗੁਰਮੁਖਿ ਜਿਨੀ ਧਿਆਇਆ ਹਰਿ ਹਰਿ
ਜਗਿ ਤੇ ਪੂਰੇ ਪਰਵਾਨਾ ॥੩॥ [ਬਿਲਾਵਲ ਮ: ੩

ਭਾਵ ਜਤੀ ਹੋਣਾ, ਅਨੇਕਾਂ ਪ੍ਰਕਾਰ ਦੇ ਸੰਜਮ ਰਖਣੇ ਤੀਰਥਾਂ ਦੇ ਇਸ਼ਨਾਨ ਆਦਿ ਸਭ ਕੰਮ ਬੀਤੇ ਹੋਏ ਜੁਗਾਂ ਦੇ (ਸਤਜੁਗ, ਤ੍ਰੇਤਾ, ਦੁਆਪਰ) ਧਰਮ ਕਰਮ ਹਨ, ਹੁਣ ਕਲਜੁਗ ਹੈ ਇਸ ਲਈ ਮਨੁਖੀ ਸੁਭਾ ਵਿਚ ਕਈ ਕਿਸਮ ਦੇ ਵਿਕਾਰ ਆਉਣ ਕਰ ਕੇ ਉਹੋ ਜਿਹੇ ਸੰਜਮ ਕਰਨੇ ਬਹੁਤ ਹੀ ਕਠਨ ਅਤੇ ਘਟ ਲਾਭਕਾਰੀ ਹਨ, 'ਜੀਅਰੇ ਓਲਾ ਨਾਮ ਕਾ ॥ ਅਵਰੁ ਜਿ ਕਰਨ ਕਰਾਵਨੋ ਤਿਨ ਮਹਿ ਭਉ ਹੈ ਜਾਮ ਕਾ ॥' [ਗਉੜੀ ਮਹਲਾ ੫

ਹੁਣ ਹੋਰ ਅਨੇਕ ਅਵਰ ਕਰਮ ਕਰਨ ਵਿਚ ਮਨੁੱਖੀ ਆਤਮਾ ਦਾ ਆਵਾਗਉਣ ਦਾ ਚੱਕਰ ਨਹੀਂ ਮੁਕਣਾ। ਇਸ ਲਈ 'ਕਲ ਕੀਰਤ ਹਰਿ ਨਾਮਾ' ਹੀ ਸਹੀ ਦਵਾਈ ਹੈ।

ਇਸੇ ਵਿਚਾਰ ਦੇ ਸੰਕੇਤ ਗੁਰਬਾਣੀ ਵਿਚ ਕਈ ਥਾਈਂ ਮਿਲਦੇ ਹਨ। ਗੁਰੂ ਅਰਜਨ ਦੇਵ ਜੀ ਦੇ ਸ਼ਬਦ (ਬਸੰਤ ਮ: ੫) ਵਿਚ ਆਇਆ ਹੈ।

ਅਬ ਕਲੂ ਆਇਓ ਰੇ। ਇਕ ਨਾਮ ਬੋਵਹੁ ਬੋਵਹੁ ॥
ਅਨ ਰੁਤ ਨਾਹੀ ਨਾਹੀ। ਮਤੁ ਭਰਮਿ ਭੂਲਹੁ ਭੂਲਹੁ ॥

ਭਾਵ ਸਪਸ਼ਟ ਹਨ ਕਿ ਅਧਿਆਤਮਕ ਉੱਨਤੀ ਲਈ ਹੁਣ ਕੋਈ ਸਾਧਨ ਨਹੀਂ ਹੈ ਕੇਵਲ ਹਰੀ ਦੇ ਨਾਮ ਦਾ ਸਿਮਰਨ ਕਰਨਾ ਹੀ ਉਤਮ ਅਤੇ ਸਰਬ ਸ੍ਰੇਸ਼ਟ ਸਾਧਨ ਹੈ। ਗੁਰੂ ਨਾਨਕ ਸਾਹਿਬ ਦੁਆਰਾ ਦਸਿਆ ਮਾਰਗ ਭਾਵੇਂ ਦੇਖਣ ਵਿਚ ਸ਼ਾਇਦ ਤਿੰਨਾਂ ਉਪਰੋਕਤ ਮਾਰਗਾਂ ਦੀ ਭਾ ਮਾਰਦਾ ਹੋਵੇ ਪਰ ਹਕੀਕਤ ਇਹ ਕਿ ਗੁਰਮਤਿ ਮਾਰਗ ਇਕ ਮਾਰਗ ਹੈ। ਪ੍ਰੋ: ਸ਼ੇਰ ਸਿੰਘ ਆਪਣੀ ਪੁਸਤਕ 'ਵਿਚਾਰਧਾਰਾ' ਵਿਚ ਲਿਖਦਾ ਹੈ 'ਕਿ ਸਿਖ ਧਰਮ 'ਨਾਮ ਮਾਰਗ ਹੈ ਜਿਸਦਾ ਅਸਲੀ ਅੰਗ ਵਿਸਮਾਦ ਹੈ। ਇਹ ਪੁਰਾਤਨ ਤਿੰਨਾਂ ਮਾਰਗਾਂ ਤੋਂ ਅਡਰਾ ਹੈ, ਭਾਵੇਂ ਇਹਨਾਂ ਤਿੰਨਾਂ ਦੇ ਅੰਗ ਤਾਂ ਇਸ ਵਿਚ ਹਨ, ਪਰ ਇਸ ਦਾ ਰੂਪ ਨਾਮ ਹੈ। ਨਾਮ ਨਾਲ ਵਿਸਮਾਦੀ ਰੰਗ ਆ ਜਾਂਦਾ ਹੈ। ਵਿਸਮਾਦ ਦੀ ਉਤਪਤੀ ਕੀਰਤਨ ਦੀਆਂ ਕੋਮਲ ਤਰੰਗਾਂ ਤੋਂ ਹੁੰਦੀ ਹੈ, ਨਾਮ ਦੀ ਕੁੰਜੀ ਵਿਸਮਾਦ ਹੈ ਅਤੇ ਵਿਸਮਾਦ ਦੀ ਕੁੰਜੀ ਕੀਰਤਨ।'

ਸਾਰੀ ਬਾਣੀ ਅੰਦਰ ਨਾਮ ਜਪਣ ਤੇ ਜ਼ੋਰ ਦਿਤਾ ਗਿਆ ਹੈ। ਸਵਾਲ ਇਹ ਉਠਦਾ ਹੈ ਕਿ ਨਾਮ ਹੈ ਹੈ ਕੀ? ਅਤੇ ਕੀ ਹਰੀ ਨਾਮ ਦੇ ਜਪ ਕਰੀ ਜਾਣ ਨਾਲ ਕਲਿਆਣ ਹੋ ਸਕਦੀ ਹੈ?

ਅਜ ਦਾ ਯੁਗ ਭਾਵੇਂ ਕਲਜੁਗ ਹੈ ਪਰ ਵਿਗਿਆਨਕ ਕਲਜੁਗ ਹੈ। ਇਸ ਵਿਚ ਤਾਂ ਅਜ ਦਾ ਮਨੁਖ ਉਹ ਸਥੂਲ ਸਿਧਾਂਤਕ ਤਥ ਮੰਗਦਾ ਹੈ, ਜੋ ਹਰ ਥਾਂ ਤੇ ਪਰਤਾਏ ਜਾ ਸਕਣ। ਜਾਂ ਲੋੜ ਪੈਣ ਤੇ ਕਿਸੇ ਨਵੇਂ


www.AKJ.Org

ਵਿਗਿਆਨਕ ਦੀ ਖੋਜ ਤੇ ਬਦਲੇ ਵੀ ਜਾ ਸਕਣ। ਅਜ ਦਾ ਮਨੁਖ ਇਹ ਜਾਣਦਾਂ ਹੈ ਕਿ ਉਸਦੇ ਇਸ ਨਾਸ਼ਵਾਨ ਸੰਸਾਰ ਵਿਚ ਕੋਈ ਵੀ ਵਿਗਿਆਨਕ ਸਿਧਾਂਤ ਸਥਿਰ ਨਹੀਂ। ਹਰ ਪਾਸੇ ਅਨਿਸਚਿਤਤਾ ਵਰਤ ਰਹੀ ਹੈ। ਇਸ ਲਈ ਅਜ ਦੇ ਮਨੁਖ ਲਈ ਇਹੋ ਜਿਹੇ ਸੂਖਮ ਸਿਧਾਂਤਾਂ ਤੇ ਵਿਸ਼ਵਾਸ ਨਹੀਂ ਕਰ ਸਕਦਾ।

ਗੁਰੂ ਨਾਨਕ ਦੇਵ ਜੀ ਦੇ ਨਾਮ ਸਿਧਾਂਤ ਬਾਰੇ ਇਕ ਗਲ ਸ਼ੁਰੂ ਵਿਚ ਦਸਣੀ ਉਚਿਤ ਹੋਵੇਗੀ ਕਿ ਅਧਿਆਤਮਕ ਮਾਰਗ ਇਕ ਸੂਖਮ ਮਾਰਗ ਹੈ, ਆਤਮਾ ਖ਼ੁਦ ਸੂਖਮ ਵਸਤੂ ਹੈ, ਅਸਥੂਲ ਨਹੀਂ। ਇਸਦਾ ਅਸਥੂਲ ਆਕਾਰ ਨਾਸ਼ਵਾਨ ਹੈ। ਸੂਖਮ ਵਸਤੂਆਂ ਦੀ ਖੋਜ ਦੇ ਤਰੀਕੇ ਸੂਖਮ ਹੀ ਹੁੰਦੇ ਹਨ। ਵਿਗਿਆਨ ਦਾ ਖੇਤਰ ਕੇਵਲ ਅਸਥੂਲ ਹੈ, ਨਾਮ ਇਕ ਸੂਖਮ ਵਸਤੂ ਹੈ ਜੋ ਗੁਰੂ ਤੋਂ ਪ੍ਰਾਪਤ ਹੋ ਸਕਦੀ ਹੈ,ਉਸ ਨਾਮ ਦੇ ਨਿਰੰਤਰ ਜਾਪ ਨਾਲ ਮਨੁਖ ਆਪਣੇ ਸੂਖਮ ਸਰੂਪ (ਪ੍ਰਮਾਤਮਾ) ਵਿਚ ਲੀਨ ਹੋ ਜਾਂਦਾ ਹੈ।

ਇਸ ਸਿਧਾਂਤ ਦੀ ਪ੍ਰੋੜਤਾ ਗੁਰਬਾਣੀ ਵਿਚ ਬਹੁਤ ਮਿਲਦੀ ਹੈ। ਪਹਿਲਾ ਤਥ ਇਹ ਹੈ:

ਹਰਿ ਹਰਿ ਜਨ ਦੁਈ ਏਕ ਹੈ ਬਿਬ ਬਿਚਾਰ ਕਛੁ ਨਾਹਿ।
ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ।

ਭਾਵ, ਇਹ ਜੀਵ ਸਮੁੰਦਰ ਦੀ ਲਹਿਰ ਵਾਂਗ ਸਮੁੰਦਰ ਤੋਂ ਨਿਖੜਿਆ ਹੈ, ਅਤੇ ਜਲ ਵਿਚ ਸਮਾ ਜਾਏਗਾ।

'ਸਭੇ ਘਟ ਰਾਮ ਬੋਲੇ ।।' ਮਨੁਖ ਰਾਮ ਦੀ ਅੰਸ ਹੈ।

ਦੂਜਾ ਤਥ ਇਹ ਹੈ, ਕਿ ਪੂਰਾ ਗੁਰੂ ਹੀ ਜੀਵ ਆਤਮਾ ਨੂੰ ਨਾਮ ਦੇ ਕੇ ਉਸ ਦਾ ਉਧਾਰ ਕਰ ਸਕਦਾ ਹੈ। ਪੂਰੇ ਗੁਰੂ ਤੋਂ ਬਿਨਾਂ ਇਹ ਬੁਝਾਰਤ ਬੁਝਣੀ ਔਖੀ ਹੈ।

ਮਤ ਕੋ ਭਰਮ ਭੂਲੈ ਸੰਸਾਰ ।।
ਗੁਰ ਬਿਨ ਕੋਇ ਨ ਉਤਰਸ ਪਾਰ ।।

ਪੁੰਨਾ: ਬਿਨ ਸਤਿਗੁਰ ਕਿਨੈ ਨ ਪਾਇਉ ।।
ਬਿਨ ਸਤਿਗੁਰ ਕਿਨੈ ਨ ਪਾਇਆ ।।
[ਆਸਾ ਦੀ ਵਾਰ

ਮੇਰੇ ਹੀਅਰੈ ਰਤਨ ਨਾਮੁ ਹਰਿ ਬਸਿਆ
ਗੁਰ ਹਾਥ ਧਰਿਓ ਮੇਰੈ ਮਾਥਾ ।।
ਜਨਮ ਜਨਮ ਕੇ ਕਿਲਬਿਖ ਦੁਖ ਉਤਰੇ
ਗੁਰ ਨਾਮੁ ਦੀਓ ਰਿਨੁ ਲਾਥਾ ।।੧।।
ਮੇਰੇ ਮਨ ਭਜੁ ਰਾਮ ਨਾਮੁ ਸਭਿ ਅਰਥਾ ।।
ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ
ਬਿਨੁ ਨਾਵੈ ਜੀਵਨੁ ਬਿਰਥਾ ।। [ਜੈਤਸਰੀ ਮ: ੪

ਇਹਨਾਂ ਦੋਨਾਂ ਤਥਾਂ ਤੇ ਵਿਚਾਰ ਕਰੀਏ। ਨਾਮ ਕੇਹੜਾ ? ਕੀ ਰੱਬ ਦਾ ਕੋਈ ਖਾਸ ਨਾਮ ਹੈ ਜੋ ਗੁਰੂ ਨਾਨਕ ਨੇ ਆਪਣੀ ਕੌਮ ਨੂੰ ਸੁਝਾਇਆ ? ਉਤਰ ਭਾਈ ਗੁਰਦਾਸ ਜੀ ਦੇ ਰਹੇ ਹਨ, ਜੋ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮਕਾਲੀ ਸਨ, ਅਤੇ ਜਿਨ੍ਹਾਂ ਦੀਆਂ ਰਚਿਤ ਵਾਰਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦੀ ਕੁੰਜੀ ਆਖਿਆ ਹੈ।

ਗੁਰੂ ਨਾਨਕ ਸਾਹਿਬ ਦੇ ਜੀਵਨ ਮਿਸ਼ਨ ਬਾਰੇ ਆਪ ਲਿਖਦੇ ਹਨ, ਕਿ ਗੁਰੂ ਮਹਾਰਾਜ ਨੇ ਬਹੁਤ ਭਾਰੀ ਤਪਸਿਆ ਕੀਤੀ ਜਦੋਂ ਅਕਾਲੀ-ਜੋਤ ਦੇ ਦਰਸ਼ਨ ਹੋਏ ਤਾਂ ਉਹਨਾਂ ਨੂੰ ਉਥੋਂ ਦੋ ਸੁਗਾਤਾਂ ਮਿਲੀਆਂ, ਇਕ ਨਾਮ ਅਤੇ ਦੂਜੀ ਗਰੀਬੀ (ਨਿਮ੍ਰਤਾ) 'ਬਾਬਾ ਪੈਧਾ ਸਚਖੰਡਿ ਨਉਨਿਧਿ ਨਾਮੁ ਗਰੀਬੀ ਪਾਈ।' ਭਾਵ ਗੁਰੂ ਨਾਨਕ ਦੇਵ ਜੀ ਨੇ ਨਾਮ ਦੀ ਇਹ ਸੂਖਮ ਦਾਤ ਅਕਾਲ ਪੁਰਖ ਤੋਂ ਪਾਈ। ਗੁਰਬਾਣੀ ਵਿੱਚ ਵੀ ਇਸ ਦੇ ਸੰਕੇਤ ਮਿਲਦੇ ਹਨ:


www.AKJ.Org

'ਅਪਰੰਪਰ ਪਾਰਬ੍ਰਹਮ ਪਰਮੇਸੁਰ ਨਾਨਕ ਗੁਰ ਮਿਲਿਆ ਸੋਈ ਜੀਉ। ਜਾਂ

ਗੁਰ ਦੇਖਿਆ, ਦੀਖਿਆ ਲੀਨੀ।

ਜਾਂ— ਆਦਿ ਅੰਤ ਏਕੈ ਅਵਤਾਰਾ॥

ਸੋਈ ਗੁਰੂ ਸਮਝਿਯਹੁ ਹਮਾਰਾ।੯।

ਇਹ ਗੱਲ ਤਾਂ ਸਿਧ ਹੋ ਗਈ ਕਿ ਨਾਮ ਪੂਰੇ ਗੁਰੂ ਤੋਂ (ਭਾਵ ਅਕਾਲ ਪੁਰਖ ਤੋਂ) ਹੀ ਗੁਰੂ ਨਾਨਕ ਦੇਵ ਜੀ ਨੂੰ ਮਿਲਿਆ ਅਤੇ ਅਗੋਂ ਗੁਰੂ ਨਾਨਕ ਦੇਵ ਜੀ ਨੂੰ ਹੁਕਮ ਹੋਇਆ ਕਿ ਹੁਣ ਇਸ ਨਾਮ ਦਾ ਪ੍ਰਚਾਰ ਕਰੋ।

ਇਹ ਨਾਮ ਕਿਹੜਾ ਹੈ? ਇਥੇ ਇਕ ਵਾਰੀ ਫਿਰ ਭਾਈ ਗੁਰਦਾਸ ਸਾਰਖੇ ਮਹਾਨ ਸਿਖ ਫ਼ਲਾਸਫਰ ਦਾ ਹਵਾਲਾ ਦਿਤਾ ਜਾਂਦਾ ਹੈ। ਵਾਰ ੨੪, ਪਉੜੀ ੧ ਵਿਚ ਲਿਖਿਆ ਹੈ:

'ਸਤਿ ਰੂਪ ਸਤਿਨਾਮੁ ਕਰਿ,
ਸਤਿਗੁਰ ਨਾਨਕ ਦੇਉ ਜਪਾਇਆ॥
ਧਰਮਸਾਲ ਕਰਤਾਰਪੁਰ
ਸਾਧ ਸੰਗਤਿ ਸਚਖੰਡ ਵਸਾਇਆ॥
ਵਾਹਿਗੁਰੂ ਗੁਰ ਸ਼ਬਦ ਸੁਣਾਇਆ॥ ੧॥'

ਉਹਨਾਂ ਦੀਆਂ ਵਾਰਾਂ ਵਿਚ ਹੀ ਇਕ ਹੋਰ ਹਵਾਲਾ ਦਿਤਾ ਜਾਂਦਾ ਹੈ—

ਸ਼ਬਦ ਸੁਰਤਿ ਕਰਿ ਕੀਰਤਨੁ, ਸਤ ਸੰਗਿ ਵਿਲੋਈ॥
ਵਾਹਿਗੁਰੂ ਗੁਰ ਮੰਤ੍ਰ ਹੈ ਜਪਿ ਹਉਮੈ ਖੋਈ॥

ਵਾਰ ੧੨, ਪਉੜੀ ੧੭ ਵਿਚ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਬਾਰੇ ਲਿਖਿਆ ਹੈ,

ਨਿਰੰਕਾਰ ਆਕਾਰ ਕਰਿ,
ਜੋਤਿ ਸਰੂਪ ਅਨੂਪ ਦਿਖਾਇਆ॥
ਬੇਦ ਕਤੇਬ ਆਗੋਚਰਾ,
ਵਾਹਿਗੁਰੂ ਗੁਰ ਸ਼ਬਦੁ ਸੁਣਾਇਆ॥

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਵਾਹਿਗੁਰੂ ਨਾਮ ਦੀ ਇਕ ਥਾਂ ਬੜੇ ਗੁਝੇ ਸ਼ਬਦਾਂ ਵਿਚ ਜ਼ਿਕਰ ਆਇਆ ਹੈ।

ਬੇਮਹੁਤਾਜ ਬੇਪਰਵਾਹ॥ਨਾਨਕ ਦਾਸ ਕਹੁ ਗੁਰਵਾਹ॥

ਜਾਂ ਵਾਹਿਗੁਰੂ ਨਾਮ ਦਾ ਜ਼ਿਕਰ ਭੱਟਾਂ ਦੀ ਬਾਣੀ ਵਿਚ ਆਉਂਦਾ ਹੈ, ਜੋ ਗੁਰੂ ਅਰਜਨ ਦੇਵ ਜੀ ਦੇ ਸਮਕਾਲੀ ਸਨ। ਇਸ ਸ਼ੰਕੇ ਵਿਚ ਪੈਣਾ ਨਿਰਮੂਲ ਹੈ ਕਿ ਗੁਰੂ ਨਾਨਕ ਦੇਵ ਜੀ ਦਵਾਰਾ ਦ੍ਰਿੜਾਇਆ ਨਾਮ ਕੋਈ ਹੋਰ ਸੀ, ਕਿਉਂਕਿ ਉਪਰ ਦਿਤੇ ਗਏ ਸਾਰੇ ਪਰਮਾਣ ਗੁਰੂ ਅਰਜਨ ਦੇਵ ਜੀ ਦੇ ਵੇਲੇ ਦੇ ਹਨ। ਇਥੇ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਜੋ ਗੁਰੂ ਮੰਤ੍ਰ ਗੁਰੂ ਨਾਨਕ ਦੇਵ ਜੀ ਨੇ ਅਗੋਂ ਗੁਰੂ ਅੰਗਦ ਦੇਵ ਜੀ ਨੂੰ ਦਿਤਾ, ਉਹੀ ਮੰਤ੍ਰ ਸੀਨਾਂ-ਬਸੀਨਾਂ ਚਲਦਾ ਆਇਆ, ਅਤੇ ਹੁਣ ਵੀ ਖਾਲਸਾ ਪੰਥ ਵਿੱਚ (ਗੁਰ ਮੰਤਰ) ਇਹੋ ਹੀ ਹੈ। ਇਸਦੀ ਪ੍ਰੋੜ੍ਹਤਾ ਸਰਬ ਲੋਹ ਗ੍ਰੰਥ ਚੋਂ ਹੁੰਦੀ ਹੈ। ਦਸਵੇਂ ਪਾਤਸ਼ਾਹ ਨੇ ਲਿਖਿਆ ਹੈ—

ਸਾਰ ਮੰਤ੍ਰ ਚਾਰੋਂ ਕਾ ਚਾਰ॥
ਵਾਹਿਗੁਰੂ ਮੰਤ੍ਰ ਨਿਰਧਾਰ॥
ਕਲਪ ਕਲਪ ਪ੍ਰਭ ਅਖਛਰ ਕਹੀ॥
ਸ੍ਰੀ ਗੁਰੂ ਨਾਨਕ ਜਾਪਯੋ ਸਹੀ॥
ਸਾ ਮੰਤ੍ਰ ਪ੍ਰਭੂ ਖਾਲਸਾ ਦੀਨਾ॥
ਵਾਹਿਗੁਰੂ ਪਦਪਾਵਨ ਕੀਨਾ॥

ਦੂਜਾ ਤਥ ਇਹ ਸੀ, ਕਿ ਪੂਰਾ ਗੁਰੂ ਹੀ ਨਾਮ ਦੇ ਸਕਦਾ ਹੈ। ਪੂਰੇ ਗੁਰੂ ਨੂੰ ਗੁਰਬਾਣੀ ਦੀ ਸ਼ਬਦਾਂਵਲੀ ਵਿਚ ਗੁਰੂ ਜਾਂ ਸਤਿਗੁਰੂ ਜਾਂ ਸਚਾ ਪਾਤਸ਼ਾਹ ਵੀ ਆਖਿਆ ਗਿਆ ਹੈ। ਸੁਖਮਨੀ ਸਾਹਿਬ ਦੀ ੧੮ਵੀਂ ਅਸ਼ਟਪਦੀ ਦਾ ਸਲੋਕ 'ਸਤਿਗੁਰ' ਦੀ ਵਿਆਖਿਆ


www.AKJ.Org

ਕਰਦਾ ਹੈ :

ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ॥
ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ।੧।

ਇਸ ਸਾਰੀ ਅਸ਼ਟਪਦੀ ਵਿੱਚ ਗੁਰੂ ਅਤੇ ਸਿਖ ਦੇ ਸੰਬੰਧ ਨੂੰ ਬਹੁਤ ਵਿਸਥਾਰ ਪੂਰਬਕ ਨਿਰੂਪਣ ਕੀਤਾ ਗਿਆ ਹੈ। ਗੁਰੂ ਨਾਨਕ ਦੇਵ ਜੀ ਨੇ ਸਤਪੁਰਖ ਨੂੰ ਜਾਣਿਆ ਸੀ। ਕੇਵਲ ਜਾਣਿਆ ਹੀ ਨਹੀਂ ਸਗੋਂ ਉਸ ਨੂੰ ਆਪਣਾ ਗੁਰੂ ਵੀ ਮੰਨਿਆ ਅਤੇ ਜੋ ਨਾਮ ਗੁਰੂ ਨੇ ਦਿਤਾ ਉਸ ਦਾ ਪ੍ਰਚਾਰ ਕੀਤਾ। ਅਜ ਵੀ ਜਗਿਆਸੂ ਨੂੰ ਗੁਰੂ ਰੂਪ ਪੰਜ ਪਿਆਰੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਇਹੋ ਨਾਮ ਦ੍ਰਿੜ ਕਰਾਂਦੇ ਹਨ। ਇਹਨਾਂ ਦੋ ਤਥਾਂ ਤੋਂ ਛੁਟ ਇਕ ਤੀਸਰਾ ਤਥ ਨਾਮ ਸੰਬੰਧੀ ਇਹ ਹੈ ਕਿ ਨਾਮ ਦੇ ਸਵਾਸ ਸਵਾਸ ਜਪਦੇ ਜਪਦੇ ਜਪਣਹਾਰਾ ਅਕਾਲੀ ਜੋਤ ਨਾਲ ਰਲ ਜਾਂਦਾ ਹੈ। 'ਹਰਿ ਜਪਿ ਹਰਿ ਸੇਤੀ ਰਲਿਆ' ਦੇ ਗੁਰਮਤਿ ਸਿਧਾਂਤ ਦੇ ਗੁਰਬਾਣੀ ਵਿਚ ਬਹੁਤ ਥਾਈਂ ਸੰਕੇਤ ਮਿਲਦੇ ਹਨ।

ਨਾ ਮੰਨਣ ਵਾਲਿਆਂ ਲਈ ਕੁਛ ਵੀ ਸਚ ਨਹੀਂ, ਅਤੇ ਫ਼ਿਲਾਸਫ਼ਰਾਂ ਦੀ ਦੌੜ ਇਥੇ ਆ ਕੇ ਮੁਕ ਜਾਂਦੀ ਹੈ, ਜਿਵੇਂ ਡਾਕਟਰ ਰਾਧਾ ਕ੍ਰਿਸ਼ਨਨ ਨੇ ਆਪਣੀ ਪੁਸਤਕ 'ਇੰਡੀਅਨ ਫ਼ਿਲਾਸਫ਼ੀ' ਦੇ ਮੁਖ ਬੰਦ ਵਿਚ ਪੰਨਾ ੨੭ ਤੇ ਲਿਖਿਆ ਹੈ: 'Philosophy carries us to the gates of the promised land, but cannot let us in, for that insight or realization is necessary.' ਇਹ ਔਖਾਈ ਫ਼ਿਲਾਸਫ਼ਰਾਂ ਨੂੰ ਰਹੀ ਹੈ, 'Promised land' ਦੇ ਦਵਾਰ ਤਕ ਪੁਜ ਕੇ ਅੰਦਰ ਕਿਵੇਂ ਜਾਈਦਾ ਹੈ, ਇਹ ਖੇਡ ਤਾਂ ਗੁਰੂ ਨਾਨਕ ਸਾਹਿਬ ਦੇ ਦਸੇ ਹੋਏ ਨਾਮ ਜਪਣ ਤੋਂ ਬਾਦ ਹੀ ਸ਼ੁਰੂ ਹੁੰਦੀ ਹੈ। ਅਰਾਧ ਹਰ ਮਿਲਨ ਦਾ ਸਿਧਾਂਤ ਗੁਰੂ ਰਾਮਦਾਸ ਜੀ ਦੇ ਛੰਦਾਂ ਵਿਚ ਬਹੁਤ ਹੀ ਸੁੰਦਰ ਤਰੀਕੇ ਨਾਲ ਨਿਖਾਰਿਆ ਗਿਆ ਹੈ।

ਜਿਨ ਮਸਤਕ ਧੁਰਿ ਹਰਿ ਲਿਖਿਆ
ਤਿਨਾ ਸਤਿਗੁਰ ਮਿਲਿਆ ਰਾਮ ਰਾਜੇ॥
ਅਗਿਆਨੁ ਅੰਧੇਰਾ ਕਟਿਆ
ਗੁਰ ਗਿਆਨੁ ਘਟਿ ਬਲਿਆ॥
ਹਰਿ ਲਧਾ ਰਤਨ ਪਦਾਰਥੋ
ਫਿਰਿ ਬਹੁੜ ਨ ਚਲਿਆ॥
ਜਨ ਨਾਨਕ ਨਾਮੁ ਆਰਾਧਿਆ
ਆਰਾਧ ਹਰਿ ਮਿਲਿਆ॥

ਗੁਰੂ ਨਾਨਕ ਦੇਵ ਜੀ ਨੇ ਨਾਮ ਮਾਰਗ ਦਾ ਰਸਤਾ ਦਸ ਕੇ ਭਾਰਤੀ ਕੌਮ ਦੀ ਨਹੀਂ ਸਗੋਂ ਸਗਲ ਸੰਸਾਰ ਨੂੰ ਕਰਮ ਕਾਂਡਾਂ ਦੀ ਫੋਕਟ ਫੋਕਟਾਈ ਬਾਰੇ ਕਰਾਰੀਆਂ ਕਰਾਰੀਆਂ ਸੁਣਾਈਆਂ ਹਨ ਅਤੇ ਆਮ ਜਨ ਸਾਧਾਰਨ ਨੂੰ ਚਿਰਾਂ ਤੋਂ ਇਸ ਕਰਮ ਕਾਂਡੀ ਚੱਕਰ ਵਿਚ ਫਸੇ ਹੋਣ ਤੋਂ ਬਚਾਣ ਦਾ ਜਤਨ ਕੀਤਾ ਹੈ।

ਨਾਮ ਦੀ ਕੀ ਮਹਿਮਾ ਹੈ? ਨਾਮ ਦਾ ਕੀ ਰਸ ਹੈ? ਨਾਮ ਦੀਆਂ ਚੜ੍ਹਦੀਆਂ ਕਲਾਂ ਕੀ ਹਨ।

ਇਹਨਾਂ ਬਾਰੇ ਬੇ-ਅੰਤ ਪ੍ਰਮਾਣ ਗੁਰਬਾਣੀ ਵਿਚ ਮਿਲਦੇ ਹਨ। ਨਾਮ-ਰਸ ਨੂੰ ਗੂੰਗੇ ਦੀ ਖਾਦੀ ਹੋਈ ਮਿਠਾਈ ਦੀ ਮਿਠਾਸ ਨਾਲ ਤੁਲਣਾ ਹੀ ਦਿਤੀ ਜਾ ਸਕਦੀ ਹੈ। ਸ਼ਬਦਾਂ ਰਾਹੀਂ ਕਥਨ ਕਰਨਾ ਔਖ ਹੈ। ਫਰੀਦ ਜੀ ਨੂੰ ਜਦੋਂ ਨਾਮ ਦਾ ਰਸ ਆਇਆ ਤਾਂ ਉਹ ਆਪ ਮੁਹਾਰੇ ਆਖ ਉਠੇ—

ਸ਼ਕਰ ਖੰਡ ਨਿਵਾਤ ਗੁੜ ਮਾਖਿਓ ਮਾਝਾ ਦੁਧ॥
ਸਭੇ ਵਸਤੂ ਮਿਠੀਆਂ ਰਬ ਨ ਪੁਜਨ ਤੁਧ॥

ਜਾਂ ਕਬੀਰ ਜੀ ਨਾਮ ਰਸ ਪੀ ਕੇ ਪਏ ਦਸਦੇ ਹਨ—


www.AKJ.org

ਰਾਮ ਰਸ ਪੀਆ ਰੇ ॥
ਜਿਹ ਰਸ ਬਿਸਰ ਗਏ ਰਸ ਹੋਰ ॥

ਅਤੇ ਇਹ ਗਲ ਠੀਕ ਹੈ ਕਿ ਜਿਸ ਨੂੰ ਇਕ ਵਾਰੀ ਨਾਮ ਦਾ ਰਸ ਆ ਗਿਆ। ਫਿਰ ਉਸ ਨੂੰ ਹੋਰ ਰਸਾਂ ਕਸਾਂ ਦਾ ਸਵਾਦ ਐਵੇਂ (ਫਿਕਾ ਫਿਕਾ) ਲਗਨ ਲਗ ਪੈਂਦਾ ਹੈ।

ਜਾ ਕਉ ਰਸੁ ਹਰਿ ਰਸ ਹੈ ਆਇਓ ॥
ਸੋ ਆਨ ਰਸਾ ਨਾਹੀ ਲਪਟਾਇਓ ॥

ਉਸ ਨਾਮ ਜਪਨ ਹਾਰੇ ਦਾ ਮਨ ਸੰਸਾਰਕ ਰਸਾਂ ਕਸਾਂ ਤੋਂ ਉੜਕ ਕੇ ਸਚੇ ਸੰਤੋਖ ਨੂੰ ਪ੍ਰਾਪਤ ਹੋ ਜਾਂਦਾ ਹੈ। ਹਾਂ ਸ਼ੁਰੂ ਵਿਚ ਅਲੂਣੀ ਸਿਲਾ ਚਟਣੀ, ਮਨ ਨੂੰ ਨਾਮ ਵਿਚ ਜੋਤਣਾ ਜ਼ਰਾ ਔਖਾ ਅਤੇ ਅਜੀਬ ਲਗਦਾ ਹੈ, ਪਰ ਜਦੋਂ ਨਾਮ ਰਚ ਜਾਏ ਫਿਰ ਉਹ ਪ੍ਰਾਣੀ ਪੁਕਾਰ ਪੁਕਾਰ ਕੇ ਕਹਿਣ ਲਗ ਪੈਂਦਾ ਹੈ'

ਆਖਾ ਜੀਵਾ, ਵਿਸਰੈ ਮਰ ਜਾਉ ॥

ਅਤੇ ਇਕ ਤਿਲ ਮਾਤਰ ਵੀ ਨਾਮ ਤੋਂ ਹਟਨ ਨੂੰ ਰੋਗ ਸਮਝਦਾ ਹੈ।

ਇਕ ਤਿਲ ਪਿਆਰਾ ਵੀਸਰੈ ਰੋਗ ਵਡਾ ਮਨ ਮਾਹਿ।'

ਨਾਮ ਨੂੰ ਜੋ ਮਹੱਤਤਾ ਗੁਰੂ ਨਾਨਕ ਦੇ ਘਰ ਵਿਚ ਦਿਤੀ ਗਈ ਹੈ, ਉਸ ਦਾ ਕਾਰਨ ਇਕ ਹੋਰ ਵੀ ਹੈ। ਮੁਖ ਤੌਰ ਤੇ ਪੰਜ ਮਹਾਂ ਬਲੀ, ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਮੰਨੇ ਗਏ ਹਨ, ਜਿਨ੍ਹਾਂ ਨਾਲ ਹਰ ਜਗਿਆਸੂ ਨੂੰ ਹਰ ਸਮੇਂ ਘੋਲ ਕਰਨਾ ਪੈਂਦਾ ਹੈ।

ਇਹ ਪੰਜੇ ਮਹਾਂ ਬਲੀ ਅਜੋਕੇ ਵਿਗਿਆਨਕਾਂ ਅਨੁਸਾਰ ਮਨੁਖੀ ਸੁਭਾ ਦੇ ਬੜੇ ਜ਼ਰੂਰੀ ਅੰਗ ਹਨ। ego (ਅਹੰਕਾਰ) ਦਾ, ਖਾਸ ਕਰਕੇ, ਕਿਸੇ ਹਦ ਤਕ ਸੋਹਣੀ ਤਰ੍ਹਾਂ ਵਿਕਾਸ ਕਰਨਾ ਸਮਾਜਕ ਅਤੇ ਭਾਈ-ਚਾਰਕ ਤੌਰ ਤੇ ਜ਼ਰੂਰੀ ਮੰਨਿਆ ਗਿਆ ਹੈ। ਇਸ ਨਾਲ ਵਿਅਕਤੀ ਦਾ ਵਿਅਕਤਿਤਵ ਕਾਇਮ ਰਖਣ ਦੀ ਸਫ਼ਾਰਸ਼ ਕੀਤੀ ਜਾਂਦੀ ਹੈ।

ਪਰ ਨਾਮ ਨੇ ਜਦੋਂ ਮਨੁਖੀ ਹਿਰਦੇ ਵਿਚ ਵਿਗਸਨਾ ਹੈ, ਤਾਂ ਉਸ ਦੀ ਪਹਿਲੀ ਚੋਟ ego ਨਾਲ ਹੁੰਦੀ ਹੈ।

ਤੂ ਤੂ ਕਰਤਾ ਤੂ ਭਇਆ ਮੁਝ ਮੇ ਰਹਾ ਨ ਹੂੰ ॥
ਜਬ ਆਪਾ ਪਰਕਾ ਮਿਟ ਗਿਆ ਜਤ ਦੇਖਾ ਤਤ ਤੂੰ ॥

ਗੁਰੂ ਨਾਨਕ ਸਾਹਿਬ ਦੀ ਤਸ਼ਖੀਸ ਅਨੁਸਾਰ ਮਨੁਖ ਨੂੰ ਸਭ ਤੋਂ ਵਡਾ ਰੋਗ ਹਉਮੈਂ ਦਾ ਹੈ।

ਹਉਮੈ ਰੋਗ ਮਾਨੁਖ ਕਉ ਦੀਨਾ।

ਅਜ ਦਾ ਇਨਸਾਨ ਇਸੇ ਰੋਗ ਵਿਚ ਹੀ ਮਤਿਆ ਹੋਇਆ ਨਾਮ ਸੰਬੰਧੀ ਜਾਂ ਵਿਚਾਰ ਕਰਨ ਨੂੰ ਐਵੇਂ ਇਕ ਵਾਧੂ ਜਿਹੀ ਗਲ ਸਮਝਦਾ ਹੈ। ਦ੍ਰਅਸਲ ਹਉਮੈ ਮਨੁਖ ਦਾ ਦੀਰਘ ਰੋਗ ਹੈ ਅਤੇ ਇਸ ਦਾ ਦਾਰੂ ਨਾਮ ਹੈ।

ਹਉਮੈ ਦੀਰਘ ਰੋਗ ਹੈ ਦਾਰੂ ਭੀ ਇਸ ਮਾਹਿ ॥
ਕਿਰਪਾ ਕਰੇ ਜੇ ਆਪਣੀ
ਤਾ ਗੁਰ ਕਾ ਸਬਦ ਕਮਾਹਿ ॥

ਗੁਰੂ ਕਾ ਸ਼ਬਦ ਕਮਾਉਣ ਨਾਲ ਇਸ ਸੂਖਮ ਰੋਗ ਦੀ ਨਿਵਿਰਤੀ ਹੋ ਸਕਦੀ ਹੈ। ਰੋਗ ਵੀ ਸੂਖਮ ਹੈ ਅਤੇ ਦਾਰੂ ਭੀ ਸੂਖਮ।

ਨਾਮ ਦੀਆਂ ਹੋਰ ਵਧੇਰੇ ਚੜ੍ਹਦੀਆਂ ਕਲਾਂ (higher regions) ਵਿਚ ਮਨੁਖੀ ਸੁਭਾ, ਜੋ ਕਾਮ ਕ੍ਰੋਧ ਲੋਭ ਮੋਹ ਅੰਕਾਰ ਆਦਿਕ ਤੇ ਆਧਾਰਤ ਹੈ, ਵਿਚ ਇਕ ਅਜੀਬ ਜਿਹੀ ਤਬਦੀਲੀ ਆਉਂਦੀ ਹੈ। ਵਿਸ਼ੇ ਵਿਕਾਰਾਂ ਤੋਂ ਮਨੁਖ ਉਪਰ ਉਠ ਜਾਂਦਾ ਹੈ। ਫਿਰ ਦੇਹੀ ਦੀ ਪਾਲਨਾ ਹੀ ਕੇਵਲ ਇਸ ਲਈ ਹੁੰਦੀ ਹੈ ਕਿ ਨਾਮ ਜਪਣਾ ਹੁੰਦਾ ਹੈ।


www.AKJ.Org

ਘਟ ਵਸੈ ਚਰਨਾਰ ਬਿੰਦ ਰਸਨਾ ਜਪੈ ਗੋਪਾਲ ॥
ਨਾਨਕ ਸੋ ਪ੍ਰਭ ਸਿਮਰੀਐ ਤਿਸ ਦੇਹੀ ਕੋਪਾਲ ॥

ਜਦੋਂ ਵਿਸ਼ੇ ਵਿਕਾਰਾਂ ਤੋਂ, ਕਿਸੇ ਵਸਤੂ ਨਾਲ ਮੋਹ ਤੋਂ ਉਚਾ ਉਠ ਕੇ ਮਨੁਖ ਇਹਨਾਂ ਸੁਭਾਵਕ ਰੁਚੀਆਂ ਦਾ (Instincts) ਮਾਲਕ ਬਣ ਜਾਂਦਾ ਹੈ ਅਤੇ ਫਿਰ ਸਮਝ ਪੈਂਦੀ ਹੈ ਕਿ ਇਹ ਕਰਮ ਜਾਂ ਗਿਆਨ ਇੰਦਰੇ ਤਾਂ ਉਸ ਦੀ ਸੇਵਾ ਕਰਨ ਹਿਤ ਹੀ ਪ੍ਰਭੂ ਨੇ ਲਗਾਏ ਸਨ, ਪਰ ਉਹ ਚੋਰ ਬਣ ਕੇ ਮਨੁਖੀ ਆਤਮਾਂ ਨੂੰ ਉਸ ਚੰਗੇ ਗੁਣਾਂ ਤੋਂ ਲੁਟ ਖਸੁਟ ਰਹੇ ਹਨ।

ਪ੍ਰਭ ਹਸਿ ਬੋਲੇ ਕੀਏ ਨਿਆਏ ॥
ਸਗਲ ਦੂਤ ਮੇਰੀ ਸੇਵਾ ਲਾਏ ॥
ਤੂ ਠਾਕੁਰ, ਇਹੁ ਗ੍ਰਿਹੁ ਸਭ ਤੇਰਾ ॥
ਕਹੁ ਨਾਨਕ ਗੁਰਿ ਕੀਆ ਨਿਬੇਰਾ ॥

ਪਰ ਇਸ ਦੇ ਉਲਟ ਜਿਨ੍ਹਾਂ ਨੂੰ ਅਜੇ ਇਸ ਖੇਲ ਦੀ ਸਮਝ ਨਹੀਂ ਆਈ ਕਿ–

ਇਸ ਦੇਹੀ ਅੰਦਰਿ ਪੰਚ ਚੋਰ ਵਸਹਿ,
ਕਾਮੁ ਕ੍ਰੋਧੁ ਅਹੰਕਾਰਾ ॥
ਅੰਮ੍ਰਿਤ ਲੂਟਹਿ ਮਨਮੁਖ ਨਹੀ ਬੂਝਹਿ,
ਕੋਇ ਨ ਸੁਣੈ ਪੁਕਾਰਾ ॥
ਅੰਧਾ ਜਗਤੁ ਅੰਧ ਵਰਤਾਰਾ,
ਬਾਝੁ ਗੁਰੂ ਗੁਬਾਰਾ ॥੨॥

[ਸੋਰਠਿ ਮ: ੩

ਉਹਨਾਂ ਨੂੰ ਅਜੇ ਨਾਮ ਦੀ ਸਮਝ ਨਹੀਂ ਆ ਸਕਦੀ।

ਗੁਰੂ ਨਾਨਕ ਸਾਹਿਬ ਦੇ ਪੈਰੋਕਾਰ ਜਿਥੇ ਸਰਬਤ ਦਾ ਭਲਾ ਮੰਗਦੇ ਹਨ, ਉਥੇ ਭਲਾ ਮੰਗਣ ਤੋਂ ਪਹਿਲਾਂ,ਨਾਮ ਦੀ ਚੜ੍ਹਦੀ ਕਲਾ ਵੀ ਮੰਗਦੇ ਹਨ :

ਨਾਨਕ ਨਾਮ ਚੜ੍ਹਦੀ ਕਲਾ।
ਤੇਰੇ ਭਾਣੇ ਸਰਬਤ ਕਾ ਭਲਾ।

ਨਾਮ ਦੀ ਚੜ੍ਹਦੀ ਕਲਾ ਸਦਕਾ ਹੀ ਸਰਬਤ ਦਾ ਭਲਾ ਸਹੀ ਮੈਹਨਿਆਂ ਵਿਚ ਲੋਚਿਆ ਜਾ ਸਕਦਾ ਹੈ। ਉਦੋਂ ਹੀ ਇਹ ਪਰਤੀਤ ਹੁੰਦਾ ਹੈ—

ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸ਼ਾਫੀ,
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ।
ਕਰਤਾ ਕਰੀਮ ਸੋਈ ਰਾਜ਼ਕ ਰਹੀਮ ਓਹੀ,
ਦੂਸਰੋ ਨਾ ਭੇਦ ਕੋਈ ਭੂਲ ਭ੍ਰਮ ਮਾਨਬੋ।
ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ,
ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ।੧੫।

[ਅਕਾਲ ਉਸਤਤ ਪਾ: ੧੦

ਇਤਨੀ ਉਚ ਅਵਸਥਾ ਤੇ ਪਹੁੰਚਣਾ ਕਲਾ ਭਗਤੀ ਮਾਰਗ, ਗਿਆਨ ਜਾਂ ਕਰਮ ਮਾਰਗ ਦਾ ਕੰਮ ਨਹੀਂ ਇਹ ਅਵਸਥਾ ਨਾਮ ਜਪ ਜਪ ਕੇ ਪ੍ਰਾਪਤ ਕੀਤੀ ਜਾ ਸਕਦੀ ਹੈ, ਗੁਰੂ ਘਰ ਦੇ ਅਨੇਕਾਂ ਸੰਤ ਜਨ ਅਤੇ ਬ੍ਰਹਮਗਿਆਨੀ ਸਾਡੇ ਸਾਹਮਣੇ ਇਕ ਪਰਤੱਖ ਨਮੂਨਾ ਹਨ। ਉਹਨਾਂ ਨਾਮ ਦੇ ਆਸਰੇ ਜੀਅ ਕੇ ਦਿਖਾਇਆ, ਨਾ ਸਿਰਫ ਜੀਵੇ, ਬਲਕਿ ਆਤਮਕ ਮੰਜ਼ਲਾਂ ਦੀਆਂ ਉਚੀਆਂ ਟੀਸੀਆਂ ਤੇ ਜਾ ਬਿਰਾਜੇ। ਹਰ ਜਪ ਕੇ ਹਰੀ ਨਾਲ ਅਭੇਦ ਹੋ ਗਏ।

---


**ਰਿਸ਼ਤੇ ਨਾਤੇ–** ਦੋ ਤਿਆਰ ਬਰ ਤਿਆਰ ਸਿੰਘ, ਉਮਰ 25 ਸਾਲ, ਸਰਕਾਰੀ ਨੌਕਰੀ ਕਰਦੇ ਹਨ, ਲਈ "ਸਾਬਤ ਸੂਰਤ ਦਸਤਾਰ ਸਿਰਾ" ਬੇਸਿਕ ਜਾਂ ਗਿਆਨੀ ਪੜ੍ਹੀ ਲਿਖੀ ਕੀਰਤਨ ਆਧਾਰੀ, ਸਿੰਘਣੀ ਦੀ ਲੋੜ ਹੈ, ਚਾਹਵਾਨ ਸਜਣ ਹੇਠ ਲਿਖੇ ਪਤੇ ਤੇ ਚਿਠੀ ਪੱਤਰ ਕਰ ਸਕਦੇ ਹਨ।

੧. ਜੋਗਿੰਦਰ ਸਿੰਘ ਐਸ.ਓ., ਸਪੁਤ੍ਰ ਸ: ਵਧਾਵਾ ਸਿੰਘ ਦੁਕਾਨ ਨੰ: 29, ਰੇਲਵੇ ਰੋਡ, ਮੋਗਾ।

੨. ਗੁਰਦੇਵ ਸਿੰਘ ਐਸ. ਓ., ਪੀਲੀ ਬਿਲਡੰਗ, ਨੇੜੇ ਕੈਨਾਲ ਆਫਸ, ਬਠਿੰਡਾ।



www.AKJ.org

# ✢ ਗੁਰ ਨਾਨਕ ਕੀ ਵਡਿਆਈ ✢

(ਵਲੋਂ—ਸ੍ਰ: ਸੇਵਾ ਸਿੰਘ ਜੀ 'ਸੇਵਕ' ਤਰਨ ਤਾਰਨ)

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅੱਜ ਤੋਂ ਪੰਜ ਸੌ ਸਾਲ ਪਹਿਲਾਂ ਦੇ ਅੰਨ੍ਹੇ ਅਨ੍ਹੇਰੇ ਜਗਤ ਵਿਚ ਆਪਣੇ ਉਪਦੇਸ਼ਾਂ ਦੁਆਰਾ ਰੱਬੀ-ਗਿਆਨ ਦਾ ਉਜਾਲਾ ਕੀਤਾ। ਆਪਣੇ ਕਰਤਵਾਂ ਰਾਹੀਂ ਦੁਨੀਆਂ ਦੇ ਸਾਹਮਣੇ ਸ਼ੁਭ ਕਮਾਂ ਦਾ ਨਮੂਨਾ ਪੇਸ਼ ਕੀਤਾ। ਅਤੇ ਇਸਦੇ ਸੰਸਾਰ ਦੇ ਪਿਛੇ ਅਣਦਿਸ਼ਦੇ ਪ੍ਰਮਾਤਮਾ ਦਾ ਝਲਕਾ ਦਿਖਾ ਕੇ ਭੁੱਲੇ ਭਟਕਿਆਂ ਤੇ ਅਗਿਆਨੀ ਜੀਵਾਂ ਨੂੰ ਉਸ ਨਾਲ ਜੋੜਿਆ।

ਗੁਰੂ ਜੀ ਦੇ ਅਵਤਾਰ ਧਾਰਨ ਤੋਂ ਪਹਿਲਾਂ ਦੇ ਪਰਚਲਤ ਧਰਮ ਆਪਣੇ ਵਿਚੋਂ ਧਰਮ ਦੀ ਅੰਸ ਗੰਵਾ ਬੈਠੇ ਸਨ। ਦਿਖਾਵੇ ਦੇ ਕਰਮ ਕਾਂਡ, ਫੋਕੇ ਵਹਿਮਾਂ, ਭਰਮਾਂ ਤੇ ਬਦਅਮਲਾਂ ਧਰਮ ਦੇ ਅਸਲੀ ਰੂਪ ਨੂੰ ਧੁੰਦਲਾ ਛਡਿਆ ਸੀ। ਉਸ ਵੇਲੇ ਦੇ ਧਰਮਾਂ ਦੀ ਦਸ਼ਾ ਬਾਰੇ ਗੁਰੂ ਜੀ ਫਰਮਾਉਂਦੇ ਹਨ—

ਕਾਦੀ ਕੂੜ ਬੋਲ ਮਲੁ ਖਾਇ ॥
ਬ੍ਰਾਹਮਣ ਨਾਵੈ ਜੀਆ ਘਾਇ ॥
ਜੋਗੀ ਜੁਗਤ ਨ ਜਾਣੈ ਅੰਧੁ ॥
ਤੀਨੇ ਓਜਾੜੇ ਕਾ ਬੰਧੁ ॥

ਜਦ ਧਾਰਮਕ ਆਗੂ ਈ ਧਰਮ ਦੇ ਨਾਂ ਉਤੇ ਆਮ ਲੋਕਾਂ ਨੂੰ ਗੁਮਰਾਹ ਕਰਨ ਲਗ ਪੈਣ ਅਤੇ ਉਨ੍ਹਾਂ ਦੇ ਉਜਾੜੇ ਦਾ ਕਾਰਨ ਬਣ ਜਾਣ ਤਾਂ ਉਥੇ ਸੱਚਾ ਧਰਮ ਤੇ ਸ੍ਰੇਸ਼ਟਾਚਾਰ ਕਿਵੇਂ ਕਾਇਮ ਰਹਿ ਸਕਦਾ ਹੈ? ਧਰਮਾਂ ਦੀ ਇਸ ਅਧੋਗਤੀ ਵਾਲੀ ਅਵਸਥਾ ਨੂੰ ਦੇਖ ਕੇ ਗੁਰੂ ਨਾਨਕ ਦੇਵ ਜੀ ਨੇ ਜਗਤ ਦੇ ਉਧਾਰ ਲਈ ਕਮਰਕੱਸੇ ਕੀਤੇ। ਆਪ ਨੇ ਵੇਖਿਆ ਕਿ ਹਿੰਦੂ ਲੋਕ ਕੇਵਲ ਜ਼ਾਹਰਦਾਰੀ ਦੀ ਪੂਜਾ ਪਾਠ, ਤੀਰਥ ਇਸ਼ਨਾਨ ਆਦਿ ਫੋਕਟ ਕਰਮ ਪੂਰੇ ਕਰਨ ਨੂੰ ਹੀ ਧਰਮ ਸਮਝ ਚੁਕੇ ਹਨ, ਮੁਸਲਮਾਨ ਪੰਜ ਵੇਲੇ ਨਮਾਜ਼ ਪੜ੍ਹਨ ਰੋਜ਼ੇ ਰੱਖਣ ਤੇ ਬਾਂਗ ਮੁਸੱਲੇ ਦੇ ਧਾਰਨੀ ਹੋਣ ਕਾਰਨ ਹੀ ਆਪਣੇ ਆਪ ਨੂੰ ਮੁਸਲਮਾਨ ਮੰਨੀ ਬੈਠੇ ਹਨ। ਜੋਗ—ਜਿਸ ਦਾ ਠੀਕ ਅਰਥ ਤਾਂ ਰੱਬ ਨਾਲ ਜੁੜਨਾ ਹੈ—ਸੁਆਹ ਮਲਣ ਤੇ ਕੰਨ ਪੜਵਾ ਕੇ ਮੁੰਦਰਾਂ ਪਾਉਣ ਨਾਲ ਹੀ ਪ੍ਰਾਪਤ ਹੋ ਜਾਂਦਾ ਹੈ। ਜੋਗੀ ਲੋਕ, ਅੱਖਾਂ ਬੰਦ ਕਰ ਕੇ, ਆਸਣ ਲਾ ਕੇ ਰੱਬ ਦਾ ਰੂਪ, ਮਨੁੱਖੀ ਸਰੀਰ ਦੀ ਸ਼ਕਲ ਵਿਚ ਵੇਖਣ ਦਾ ਯਤਨ ਕਰਦੇ ਹਨ ਅਤੇ ਇਉਂ :—

ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰ।

ਅਨੁਸਾਰ ਸਾਰੀ ਸ੍ਰਿਸ਼ਟੀ, ਦ੍ਵੈਤ ਭਾਵ, ਵੈਰ ਵਿਰੋਧ, ਹਉਮੈ, ਈਰਖਾ ਤੇ ਤ੍ਰਿਸ਼ਨਾ ਦੀ ਅੱਗ ਵਿਚ ਸੜ ਰਹੀ ਹੈ। ਗੁਰੂ ਨਾਨਕ ਦੇਵ ਜੀ ਨੇ ਜਗਤ ਜੀਵਾਂ ਦੀ ਇਸ ਰੋਗ-ਗ੍ਰਸਥ ਅਵਸਥਾ ਦੀ ਪੂਰੀ ਤਸ਼ਖੀਸ਼ ਕਰ ਕੇ ਇਕ ਸੁਜਾਨ ਵੈਦ ਵਾਂਗ, ਅਜਿਹਾ ਪੱਕਾ ਤੇ ਸਿੱਧ ਇਲਾਜ ਕੀਤਾ ਕਿ ਦੁਨੀਆਂ ਵਿਚ ਪਸਰੇ ਹੋਏ


www.AKJ.org

ਸਭ ਤਰ੍ਹਾਂ ਦੇ ਭਰਮ, ਪਖੰਡ, ਦਾਹ, ਸਾੜੇ ਤੇ ਭੁਭਾਖਿਆ ਮਿਟ ਗਈ।

ਸ੍ਰੀ ਗੁਰੂ ਜੀ ਨੇ ਸਭ ਤੋਂ ਵਧੀਕ ਜ਼ੋਰ, ਆਪਣੇ ਅੰਦਰ ਵਸਦੀ ਰੱਬੀ ਜੋਤ ਨੂੰ ਪਛਾਣਨ, ਨਾਮ ਸਿਮਰਨ ਦੁਆਰਾ ਉਸ ਵਿਚ ਲੀਨ ਹੋਣ, ਦਸਾਂ ਨੁਵਾਂ ਦੀ ਸੁਕ੍ਰਿਤ ਕਰਨ, ਵੰਡ ਕੇ ਛਕਣ ਤੇ ਸ੍ਰੇਸ਼ਟਾਚਾਰੀ ਜੀਵਨ ਬਤੀਤ ਕਰਨ ਉਤੇ ਦਿਤਾ। ਆਪ ਨੇ ਜੀਵਾਂ ਵਿਚ ਸੱਚ ਦਾ ਪ੍ਰਕਾਸ਼ ਕਰਨ ਲਈ ਅਸਲੀ ਜੁਗਤ ਦੱਸੀ–

ਸਚੁ ਤਾ ਪਰੁ ਜਾਣੀਐ,
ਜਾ ਰਿਦੈ ਸਚਾ ਹੋਇ ॥
ਕੂੜ ਕੀ ਮਲੁ ਉਤਰੈ,
ਤਨੁ ਕਰੇ ਹਛਾ ਧੋਇ ॥
ਸਚੁ ਤਾ ਪਰੁ ਜਾਣੀਐ,
ਜਾ ਸਚਿ ਧਰੇ ਪਿਆਰੁ ॥
ਨਾਉ ਸੁਣਿ ਮਨੁ ਰਹਸੀਐ,
ਤਾ ਪਾਏ ਮੋਖ ਦੁਆਰ ॥
ਸਚੁ ਤਾ ਪਰੁ ਜਾਣੀਐ,
ਜਾ ਜੁਗਤਿ ਜਾਣੈ ਜੀਉ ॥
ਧਰਤਿ ਕਾਇਆ ਸਾਧਿ ਕੈ,
ਵਿਚਿ ਦੇਇ ਕਰਤਾ ਬੀਉ ॥
ਸਚੁ ਤਾ ਪਰੁ ਜਾਣੀਐ, ਜਾ ਸਿਖ ਸਚੀ ਲੇਇ ॥
ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥
ਸਚੁ ਤਾ ਪਰੁ ਜਾਣੀਐ,
ਜਾ ਆਤਮ ਤੀਰਥਿ ਕਰੇ ਨਿਵਾਸੁ ॥
ਸਤਿਗੁਰੂ ਨੋ ਪੁਛਿ ਕੈ, ਬਹਿ ਰਹੈ ਕਰੈ ਨਿਵਾਸੁ ॥
ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥
ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥

ਸਤਿਗੁਰੂ ਜੀ ਦਾ ਆਸ਼ਾ ਅਜਿਹੇ ਤਰੀਕੇ ਨਾਲ ਸੱਚ ਦਾ ਸੰਚਾਰ ਕਰਨ ਦਾ ਸੀ ਜਿਸ ਨਾਲ ਮਨ ਦੀ ਮੈਲ ਦੂਰ ਹੋਵੇ, ਜੀਵਾਂ ਦੇ ਕਰਮ ਸ਼ੁਭ, ਨੇਕੀ ਤੇ ਪਵਿੱਤਰਤਾ ਵਾਲੇ ਹੋ ਜਾਣ, ਆਚਰਨ ਉਸਾਰੀ ਦਾ ਆਧਾਰ ਸੱਚ ਹੀ ਹੋਵੇ ਤੇ ਸਾਰੇ ਜੀਵਾਂ ਦੀਆਂ ਆਤਮਾਵਾਂ ਸੱਚ ਦੇ ਪ੍ਰਕਾਸ਼ ਨਾਲ ਜਗਮਗ ਜਗਮਗ ਕਰਣ ਲਗ ਪੈਣ। ਸੱਚ ਬੋਲਣ ਬਾਰੇ ਆਪ ਦਾ ਫੁਰਮਾਨ ਹੈ–

ਸਚੁ ਬੋਲੈ ਬੁਲਾਵੈ ਪਿਆਰ ॥
ਗੁਰ ਕਾ ਸਬਦ ਕਰਣੀ ਹੈ ਸਾਰ ॥

ਅਤੇ ਸੱਚ ਤੋਂ ਵੀ ਉਚੇਰੇ ਸੱਚੇ ਆਚਾਰ ਹੁੰਦੇ ਹਨ–

ਸਚਹੁ ਓਰੈ ਸਭ ਕੋ ਉਪਰਿ ਸਚੁ ਆਚਾਰ ॥

ਜੀਵ ਦੇ ਹਿਰਦੇ ਵਿਚ ਸੱਚ ਦਾ ਵੱਸਣਾ ਹੀ ਸਾਰ ਵਸਤੂ ਹੈ। ਇਸ ਤੋਂ ਬਿਨਾ ਸਭ ਪਖੰਡ ਹੀ ਹੈ–

ਹਿਰਦੈ ਸਚੁ ਇਹ ਕਰਣੀ ਸਾਰ ॥
ਹੋਰ ਸਭ ਪਾਖੰਡ ਪੂਜ ਖੁਆਰ ॥

ਸੱਚ ਦੀ ਏਹੋ ਜਿਹੀ ਧਾਰਨਾ ਵਾਲੇ ਪੁਰਖ ਹੀ ਮਨੁੱਖੀ ਜੀਵਨ ਦੇ ਉੱਚੇ ਆਦਰਸ਼ ਤੱਕ ਪੁੱਜ ਸਕਦੇ ਹਨ। ਗੁਰਮਤ ਦਸਦੀ ਹੈ–

ਮੁਖ ਸਚੇ ਸਚ ਦਾੜੀਆਂ ਸਚੁ ਬੋਲਹਿ ਸਚੁ ਕਮਾਹਿ ॥
ਸਚਾ ਸਬਦੁ ਮਨਿ ਵਸਿਆ ਸਤਿਗੁਰੂ ਮਹਿ ਸਮਾਹਿ ॥
ਸਚੀ ਰਾਸੀ ਸਚੁ ਧਨੁ ਉਤਮ ਪਦਵੀ ਪਾਹਿ ॥
ਸਚੁ ਸੁਣਹਿ ਸਚੁ ਮੰਨਿ ਲੈਨਿ ਸਚੀ ਕਾਰ ਕਮਾਹਿ ॥
ਸਚੀ ਦਰਗਹ ਬੈਸਣਾ ਸਚੇ ਮਾਹਿ ਸਮਾਹਿ ॥

ਗੁਰੂ ਨਾਨਕ ਦੇਵ ਜੀ ਨੇ ਜੀਵਾਂ ਤੇ ਪ੍ਰਮਾਤਮਾ ਦੇ ਵਿਚਕਾਰ ਪਸਰੀ ਹੋਈ ਝੂਠ ਦੀ ਕੰਧ ਨੂੰ ਤੋੜਨ ਲਈ ਤੇ ਉਨ੍ਹਾਂ ਨੂੰ ਸੱਚ ਦੇ ਲੜ ਲਾ ਕੇ ਸਚਿਆਰ ਬਣਾਉਣ ਲਈ ਸਰਬ-ਸਾਂਝਾ ਉਪਦੇਸ਼ ਬਖਸ਼ਿਆ। ਨਿਰੰਕਾਰੀ ਬਾਬੇ ਦਾ ਕਾਰਜ-ਖੇਤਰ ਸਾਰਾ ਸੰਸਾਰ ਸੀ। ਉਹ ਦੇਸ਼, ਕੌਮ, ਰੰਗ ਨਸਲ, ਜ਼ਾਤ ਪੰਗਤੀ, ਉਚ ਨੀਚ ਪੜ੍ਹਿਆ


www.AKJ.Org

ਅਨਪੜ੍ਹ ਤੇ ਅਮੀਰ ਗਰੀਬ ਦੇ ਵਿਤਕਰੇ ਤੇ ਵਖੇਵਿਆਂ ਤੋਂ ਰਹਿਤ ਹੋ ਕੇ ਸਾਰੇ ਸੰਸਾਰ ਨੂੰ ਪਿਆਰ ਤੇ ਏਕਤਾ ਦੀ ਲੜੀ ਵਿਚ ਪਰੋਣਾ ਚਾਹੁੰਦੇ ਸਨ। ਉਹ ਜੀਵਾਂ ਦੀ ਗਲਤ ਸੋਚਣੀ ਨੂੰ ਵਿਗਿਆਨਿਕ ਵਿਚਾਰ-ਧਾਰਾ ਵਿਚ ਬਦਲਣ ਦੇ ਇਛਾਵਾਨ ਸਨ। ਇਸ ਕਾਰਜ ਲਈ ਉਹਨਾਂ ਦੇ ਤਿੰਨ ਮੁਖ ਅਸੂਲਾਂ ਨੂੰ ਧਾਰਮਕ, ਆਰਥਕ, ਵਿਵਹਾਰਕ, ਸਮਾਜਕ ਤੇ ਰਾਜਨੀਤਕ ਜੀਵਨ ਦਾ ਆਧਾਰ ਬਣਾਉਣ ਲਈ ਪ੍ਰੇਰਨਾ ਕੀਤੀ–

ਨਾਮ ਜਪਣਾ, ਕਿਰਤ ਕਰਨੀ, ਵੰਡ ਕੇ ਛਕਣਾ।

ਇਹਨਾਂ ਅਸੂਲਾਂ ਨੂੰ ਆਪ ਨੇ ਨਿਰਾ ਪ੍ਰਚਾਰਿਆ ਹੀ ਨਹੀਂ ਸਗੋਂ ਆਪਣੇ ਅਮਲੀ ਜੀਵਨ ਵਿਚ ਵਰਤ ਕੇ ਵੀ ਦਸਿਆ। ਆਪ ਨੇ ਆਪਣਾ ਸਾਰਾ ਜੀਵਨ ਰੱਬੀ-ਯਾਦਾਂ ਤੇ ਸਿਮਰਨ ਵਿਚ ਗੁਜ਼ਾਰਿਆ। ਸਤਸੰਗ ਕੀਰਤਨ ਤੇ ਨਾਮ ਜਾਪ ਨੂੰ ਆਪਣੀ ਆਤਮਾ ਦਾ ਆਧਾਰ ਬਣਾਈ ਰਖਿਆ। ਜੀਵਨ ਦੇ ਅੰਤਲੇ ਸਾਲਾਂ ਵਿਚ ਵਾਹੀ ਬੀਜੀ ਕਰਕੇ ਕਿਰਤ ਕਰਨ ਨੂੰ ਸਤਿਕਾਰਿਆ। ਸੁਲਤਾਨਪੁਰ ਤੇ ਕਰਤਾਰਪੁਰ ਵਿਚ ਸਾਂਝੇ ਲੰਗਰ ਲਾ ਕੇ ਵੰਡ ਕੇ ਛਕਣ ਤੇ ਸਰਬ-ਸਾਂਝੀ ਵਾਰਤਾ ਦਾ ਨਮੂਨਾ ਪੇਸ਼ ਕੀਤਾ।

ਅੱਜ ਦੀ ਦੁਨੀਆਂ ਦੀਆ ਅੱਖਾਂ ਨਵੀਨ ਵਿਗਿਆਨਕ ਤੇ ਪੁਲਾੜੀ ਖੋਜਾਂ ਵਲ ਲੱਗੀਆਂ ਹੋਈਆਂ ਹਨ। ਮਨੁਖੀ ਉਡਾਨ, ਵਿਗਿਅਨਕ ਲੱਭਤਾਂ ਦੀ ਸਹਾਇਤਾ ਨਾਲ ਢਾਈ ਲੱਖ ਮੀਲ ਦੀ ਦੂਰੀ ਤੇ ਘੁਮ ਰਹੇ ਚੰਦ ਦੀ ਧਰਤੀ ਨੂੰ ਛੋਹ ਚੁਕੀ ਹੈ ਅਤੇ ਪੁਲਾੜ ਵਿਚ ਉਡਾਣ ਅੱਡੇ, ਕੇਂਦਰ, ਪਲੇਟਫਾਰਮ ਤੇ ਲਬਾਰਟਰੀਆਂ ਸਥਾਪਤ ਕਰਨ ਲਈ ਦੌੜ ਭੱਜ ਹੋ ਰਹੀ ਹੈ ਤਾਂ ਜੋ ਉਹਨਾਂ ਅਡਿਆਂ ਨੂੰ ਪੈਂਤੜੇ ਬਣਾਕੇ ਉਡਾਰੀ ਦੁਆਰਾ ਤਾਰਿਆਂ, ਸਯਾਰਿਆਂ ਤੇ ਗ੍ਰਿਹਿਆਂ ਉਤੇ ਪੁਜਿਆ ਜਾ ਸਕੇ। ਅੱਜ ਤੋਂ ਪੰਜ ਸੋ ਸਾਲ ਪਹਿਲਾਂ ਗੁਰੂ ਨਾਨਕ ਦੇਵ ਜੀ ਦੀ ਲੱਖਾਂ ਪਾਤਾਲਾਂ ਤੇ ਲੱਖਾਂ ਆਕਾਸ਼ਾਂ ਦੀ ਪਾਈ ਹੋਈ ਦੱਸ, ਅੱਜ ਦੀ ਦੁਨੀਆਂ ਨੇ ਸਾਕਾਰ ਰੂਪ ਵਿਚ ਮੰਨ ਲਈ ਹੈ। ਪਰ ਕੀ ਇਹ ਦਿਨੋ ਦਿਨ ਵਧ ਰਹੀ ਵਿਗਿਆਨਕ ਸੂਝ ਮਾਨਵਤਾ ਨੂੰ ਹਾਰਦਿਕ ਤੇ ਆਤਮਕ ਸ਼ਾਂਤੀ ਦੇਣ ਦੇ ਸਮਰੱਥਾ ਹੋ ਸਕੇਗੀ? ਇਹ ਇਕ ਵਿਚਾਰ ਯੋਗ ਪ੍ਰਸ਼ਨ ਹੈ।

ਕੀ ਅਜਿਹੇ ਖਤਰਨਾਕ ਤਜਰਬਿਆਂ ਰਾਹੀਂ ਅਸੰਖਾਂ ਰੁਪੈ ਰੋੜ੍ਹਨ ਤੇ ਕੀਮਤੀ ਜਾਨਾਂ ਨੂੰ ਖਤਰੇ ਤੇ ਸਹਿਮ ਵਿਚ ਪਾਈ ਰਖਣ ਨਾਲੋਂ, ਗੁਰੂ ਜੀ ਦੇ ਆਤਮ ਤਜਰਬਿਆਂ ਦੁਆਰਾ ਸਿਧ ਹੋ ਚੁਕੀ ਸ੍ਰਬੱਤੀ ਪਰਮ ਸਚਾਈ ਨੂੰ ਮੰਨ ਕੇ ਮਾਨਸਿਕ ਸੰਤੁਸ਼ਟਤਾ ਤੇ ਆਤਮਕ ਸ਼ਾਂਤੀ ਪ੍ਰਾਪਤ ਕਰ ਲੈਣੀ ਇਕ ਲਾਹੇਵੰਦਾ ਸੌਦਾ ਨਹੀਂ ਹੋਵੇਗਾ! ਉਹ ਸਚਾਈ ਇਕ ਅਕਾਲ ਪੁਰਖ ਦੀ ਹੋਂਦ ਨੂੰ ਅਗਮ ਅਗੋਚਰ ਤੇ ਬੇਅੰਤ ਰੂਪ ਵਿਚ ਮੰਨਣਾ ਤੇ ਉਸਦੀ ਰਜ਼ਾ ਅੱਗੇ ਸਿਰ ਨਿਵਾਉਣਾ ਹੈ। ਗੁਰੂ ਜੀ ਦਾ ਫੁਰਮਾਨ ਹੈ–

ਪੰਖੀ ਹੋਇ ਕੇ ਜੇ ਭਵਾ ਸੈ ਅਸਮਾਨੀ ਜਾਉ ॥
ਨਦਰੀ ਕਿਸੈ ਨ ਆਵਊ ਨਾ ਕਿਛੁ ਪੀਆ ਨ ਖਾਉ ॥
ਭੀ ਤੇਰੀ ਕੀਮਤ ਨ ਪਵੈ ਹਉ ਕੇਵਡ ਆਖਾ ਨਾਉ ॥

ਵਰਤਮਾਨ ਯੁਗ ਦੀ ਸਭ ਤੋਂ ਜ਼ਰੂਰੀ ਲੋੜ ਡਰੀ ਤੇ ਤ੍ਰਾਹੀ ਹੋਈ ਮਾਨਵਤਾ ਨੂੰ ਸਹਿਮ, ਚਿੰਤਾ ਤੇ ਬੇ-ਭਰੋਸਗੀ ਦੇ ਵਾਤਾਵਰਨ ਵਿਚੋਂ ਕੱਢ ਕੇ, ਅਚਿੰਤ, ਨਿਡਰਤਾ, ਸੰਤੁਸ਼ਟਤਾ ਤੇ ਭਰੋਸੇ ਦੇ ਮੰਡਲ ਵਿਚ ਲਿਆਉਣ ਦੀ ਹੈ। ਅੱਜ ਦੀਆਂ ਵਿਗਿਆਨਿਕ ਲੱਭਤਾਂ, ਮਨੁੱਖੀ ਮਨ ਨੂੰ ਸਦੀਵੀ ਸ਼ਾਂਤੀ, ਨਿਰਭੈਤਾ ਤੇ ਸਦਾ-ਵਿਗਾਸ ਦੀ ਅਵਸਥਾ ਵਿਚ ਨਹੀਂ ਲਿਆ


www.AKJ.Org

ਸਕਦੀਆਂ। ਇਸ ਲਈ ਲੋੜ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਗਿਆਨ ਉਪਦੇਸ਼ਾਂ ਨੂੰ ਆਪਣੇ ਜੀਵਨ ਦੇ ਹਰ ਪੱਖ ਤੇ ਹਰੇਕ ਕਰਤਵ ਵਿੱਚ ਅਮਲ ਵਿਚ ਲਿਆਂਦਾ ਜਾਵੇ ਅਤੇ ਉਹਨਾਂ ਉਪਦੇਸ਼ਾਂ ਦਾ ਪਰਚਾਰ ਸਾਰੇ ਸੰਸਾਰ ਵਿਚ ਕੀਤਾ ਜਾਵੇ।

ਅੱਜ ਦਾ ਵਿਗਿਆਨਿਕ ਸੋਚਣੀ ਵਾਲਾ ਮਨੁੱਖ, ਨਿਰਾ ਕਰਮ ਕਾਂਡ, ਬਾਹਰਲੇ ਦਿਖਾਵੇ ਤੇ ਝੂਠੇ ਲਾਰਿਆਂ ਨਾਲ ਨਹੀਂ ਪਤਿਆਇਆ ਜਾ ਸਕਦਾ। ਅੱਜ ਤਾਂ ਧਰਮ ਨੂੰ ਮਨ, ਬਚਨ ਤੇ ਕਰਮਾਂ ਦੁਆਰਾ ਵਰਤੋਂ ਵਿਚ ਲਿਆ ਕੇ ਦੱਸਣ ਦੀ ਲੋੜ ਹੈ। ਹੋਰ ਧਰਮਾਂ ਨਾਲੋਂ ਸਿਖ ਧਰਮ ਦੀ ਵਿਸ਼ੇਸ਼ਤਾ ਹੈ ਹੀ ਇਸ ਗੱਲ ਵਿਚ ਕਿ—

ਜਹ ਕਰਣੀ ਤਹ ਪੂਰੀ ਮਤਿ ॥
ਕਰਣੀ ਬਾਝਹੁ ਘਟੇ ਘਟਿ ॥

ਇਸ ਲਈ ਸ਼ੁਭ ਕਰਣੀ, ਉੱਤਮ ਰਹਿਣੀ ਤੇ ਸ੍ਰੇਸ਼ਟਾਚਾਰੀ ਜੀਵਨ ਹੀ ਲੋਕਾਂ ਨੂੰ ਆਪਣੀ ਵੱਲ ਖਿਚ ਕੇ ਸਦੀਵੀ ਪਰਭਾਵ ਪਾ ਸਕਦਾ ਹੈ। ਗੁਰੂ ਨਾਨਕ ਦੇਵ ਜੀ ਦੀ ਨਿਰਮਲ ਵਡਿਆਈ, ਸੰਸਾਰ ਪ੍ਰਤੀ ਅਸੀਂ ਆਪ ਉਹਨਾਂ ਦੇ ਉਪਦੇਸ਼ਾਂ ਪਰ ਚੱਲ ਕੇ ਹੀ ਪਰਗਟ ਕਰ ਸਕਦੇ ਹਾਂ। ਲੋੜ ਹੈ ਕਿ ਅਸੀਂ ਪਹਿਲਾਂ ਆਪਣੇ ਆਪ ਨੂੰ ਸਵਾਰੀਏ ਤੇ ਫੇਰ ਹੋਰਨਾਂ ਨੂੰ ਗੁਰੂ ਜੀ ਦਾ ਉਪਦੇਸ਼ ਦ੍ਰਿੜ ਕਰਵਾਈਏ ਤਾਂ ਜੋ ਦੁਖੀ ਮਾਨਵਤਾ ਵਿਚ ਸੁਖ ਤੇ ਸ਼ਾਂਤੀ ਦਾ ਪਰਵੇਸ਼ ਹੋਵੇ। ਗੁਰੂ ਨਾਨਕ ਦੇਵ ਜੀ ਦੀ ਵਡਿਆਈ ਜਗਤ ਕਲਿਆਣ ਦਾ ਕਾਰਨ ਬਣ ਸਕੇ ਅਤੇ ਲੁਕਾਈ ਕੂਕ ਉਠੇ—

ਸੁਣੀ ਅਰਦਾਸਿ ਸੁਆਮੀ ਮੇਰੇ
ਸਰਬ ਕਲਾ ਬਣਿ ਆਈ।
ਪ੍ਰਗਟ ਭਈ ਸਗਲੇ ਜੁਗ ਅੰਤਰਿ
ਗੁਰ ਨਾਨਕ ਕੀ ਵਡਿਆਈ।

---

# ਅਲੌਕਿਕ ਕੀਰਤਨ ਸਮਾਗਮ ਭੂਪਾਲ

ਸੁਬੱਤ ਗੁਰਮੁਖ ਪਿਆਰੇ ਗੁਰੂ ਸੁਆਰੇ ਸਿੰਘਾਂ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਪੰਚਮ ਪ੍ਰਵਾਨਗੀ ਅਨੁਸਾਰ ਇਕ ਮਹਾਨ ਤੇ ਅਦੁੱਤੀ ਸਮਾਗਮ ਮਿਤੀ 23, 24, 25, ਤੇ 26 ਜਨਵਰੀ 1970 ਨੂੰ ਹੈਵੀ ਇਲੈਕਟ੍ਰੀਕਲਜ਼ ਭੁਪਾਲ ਵਿਖੇ ਹੋ ਰਿਹਾ ਹੈ। ਬੜੇ ਚਿਰਾਂ ਦੀਆਂ ਸਿਕਾਂ ਸਿੱਕਦਿਆਂ ਇਹ ਸੁਭਾਗ ਸਮਾਂ ਇਥੋਂ ਦੀ ਸੰਗਤ ਨੂੰ ਪ੍ਰਾਪਤ ਹੋਇਆ ਹੈ। ਸੋ ਆਪ ਜੀ ਦੀ ਸੇਵਾ ਵਿਚ ਬੇਨਤੀ ਹੈ ਜੀ ਕਿ ਆਪ ਜੀ ਸੰਗੀ ਸਾਥੀਅੜਿਆਂ ਸਮੇਤ ਦਰਸ਼ਨ ਦੇ ਕੇ ਇਸ ਬੰਜਰ ਧਰਤੀ ਨੂੰ ਭਾਗ ਲਾਵੋ ਜੀ। ਵਡੇ ਭਾਗ ਇਹ ਹਨ ਜੋ ਗੁਰਮੁਖ ਪਿਆਰੇ ਪੂਰਨ ਬ੍ਰਹਮਗਿਆਨੀ ਸ੍ਰੀਮਾਨ ਬਾਬੂ ਮੱਲ ਸਿੰਘ ਜੀ ਇਸ ਸਮਾਗਮ ਤੇ ਉਚੇਚੇ ਤੌਰ ਤੇ ਪੁਜ ਰਹੇ ਹਨ। ਸੋ ਸਭ ਗੁਰੂ ਕੇ ਕੀਰਤਨੀਏ ਸਿੰਘਾਂ ਦੀ ਸੇਵਾ ਵਿਚ ਹਥ ਜੋੜ ਬੇਨਤੀ ਹੈ ਕਿ ਇਸ ਸਮਾਗਮ ਤੇ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰਨ ਜੀਉ। ਖਾਸ ਤੌਰ ਤੇ ਪਟਿਆਲਾ, ਦਿਲੀ, ਰਾਜਸਥਾਨ ਬੰਬਈ ਆਦਿਕ ਨਜ਼ਦੀਕੀ ਥਾਵਾਂ ਤੋਂ ਸਿੰਘ ਜ਼ਰੂਰ ਪੱਜਣ। ਰੈਣ ਸਬਾਈ ਤੇ ਅੰਮ੍ਰਿਤ ਸੰਚਾਰ ਸਮਾਗਮ ਵੀ ਹੋ ਰਿਹਾ ਹੈ। ਵਿਸਥਾਰਤ ਪ੍ਰੋਗਰਾਮ 'ਸੂਰਾ' ਦੇ ਦਸੰਬਰ ਅੰਕ ਵਿਚ ਦਿਤਾ ਜਾਵੇਗਾ।

ਚਿੱਠੀ ਪੱਤਰ—ਦਾਸ, ਸਤਵੰਤ ਸਿੰਘ
442/ $N^2$ /C/GPC
ਹੈਵੀ ਇਲੈਕਟ੍ਰੀਕਲਜ਼, ਭੂਪਾਲ (ਮੱਧ ਪ੍ਰਦੇਸ਼)

ਸੰਗਤ ਦੀ ਚਰਨਧੂੜੀ ਦੇ ਜਾਚਕ
ਦਾਸਰੇ—ਅਖੰਡ ਕੀਰਤਨੀ ਜਥਾ,
ਹੈਵੀ ਇਲੈਕਟ੍ਰੀਕਲਜ਼, ਭੂਪਾਲ


www.AKJ.Org

# ਗੁਰੂ ਨਾਨਕ—ਇਕ ਉਚ ਵਿਅਕਤਿਤਵ

(ਵਲੋਂ—ਭਾਈ ਬਲਵੰਤ ਸਿੰਘ 'ਨੂਰ' ਡੇਹਰਾਦੂਨ)

*-*-*-*-*-*-*-*-*-*-*-*-*-*-*-*-*-*-*-*-*-*-*-*-*-*-*-*

ਵਿਅਕਤਿਤਵ ਕਿਸੇ ਮਨੁਖ ਦੇ ਸਰੀਰ ਵਿਚ ਵਸਦੇ ਅੰਤਰਵ ਜੀਵਨ ਦੇ ਪ੍ਰਕਾਸ਼-ਮਈ ਵਿਕਾਸ਼ ਦਾ ਨਾਮ ਹੈ। ਇਹ ਕਿਸੇ ਮਨੁਖ ਦੇ ਸਰੀਰ, ਮਨ ਜਾਂ ਰੂਹ ਨੂੰ ਹੀ ਨਹੀਂ ਕਹਿਆ ਜਾਂਦਾ ਸਗੋਂ ਮਨੁਖ ਦੇ ਵਿਅਕ-ਤਿਤਵ ਤੋਂ ਭਾਵ ਮਨੁਖ ਦੇ ਸਚੇ ਆਪੇ ਤੋਂ ਹੈ, ਜਿਸ ਵਿਚ ਰੂਹ, ਮਨ ਤੇ ਤਨ ਤਿੰਨਾਂ ਦਾ ਹੀ ਆਪਣਾ ਆਪਣਾ ਵਖਰਾ ਹਿਸਾ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਦੇ ਵਿਅਕਤਿਤਵ ਨੂੰ ਜਾਨਣਾ ਰੱਬ ਨੂੰ ਜਾਨਣਾ ਹੈ। ਇਸਨੂੰ ਕਿਸੇ ਹੱਦ ਤਕ ਉਹੋ ਹੀ ਜਾਣ ਸਕਦਾ ਹੈ ਜਿਸਨੇ ਭਗਤੀ ਭਾਵ ਤੇ ਚਿੰਤਨ ਨਾਲ ਗੁਰਦੇਵ ਨਾਲ ਇਕ-ਸੁਰਤਾ ਪਰਾਪਤ ਕਰ ਲਈ ਹੋਵੇ। ਇਸ ਦੀ ਬਾਬਤ ਸਿਖ ਗੁਰੂ ਸਾਹਿਬਾਨ, ਬਾਬਾ ਬੁਢਾ ਜੀ ਤੇ ਗੁਰੂ ਅਰਜਨ ਸਾਹਿਬ ਜੀ ਦੇ ਸਮੇਂ ਦੇ ਭਟ ਤੇ ਭਾਈ ਗੁਰਦਾਸ ਜੀ ਹੀ ਜਾਣ ਸਕਦੇ ਹਨ। ਭੱਟ ਆਪ ਜੀ ਬਾਬਤ ਲਿਖਦੇ ਹਨ "ਆਪੁ ਨਰਾਇਣ ਕਲਾ ਧਾਰ ਜਗ ਮਹਿ ਪਰਵਰਿਉ।" ਭਾ: ਗੁਰਦਾਸ ਜੀ ਇਸੇ ਆਸ਼ੇ ਨੂੰ ਸਪਸ਼ਟ ਕਰਦਿਆਂ ਲਿਖਦੇ ਹਨ: "ਪਾਰਬ੍ਰਹਮ ਪੂਰਨ ਬ੍ਰਹਮ ਕਲਜੁਗ ਅੰਦਰ ਇਕ ਦਿਖਾਇਆ। ਰਾਜਾ ਰੰਕ ਬਰਾਬਰੀ ਪੈਰੀ ਪੈਣਾ ਜਗ ਵਰਤਾਇਆ।" ਗੁਰੂ ਨਾਨਕ ਸਾਹਿਬ ਪਾਰ-ਬ੍ਰਹਮ ਰੂਪ ਵਿਚ ਵਸ ਰਹੇ ਹਨ। ਇਹੋ ਭਾਵ ਹੀ ਇਹਨਾਂ ਦੇ ਨਾਮ 'ਨਾਨਕ' ਦੇ ਅਰਥ ਤੋਂ ਨਿਕਲਦਾ ਹੈ। ਗੁਰੂ ਨਾਨਕ ਦੇਵ ਜੀ ਇਕ ਪਾਰਬ੍ਰਹਮ ਦੇ ਰੂਪ ਸਨ ਤੇ ਨਾਲ ਹੀ ਨਾਨਾ ਰੂਪ ਵਿਚ ਅਨੇਕਤਾ ਵਿਚ ਵੀ ਪਰੀਪੂਰਨ ਸਨ। ਇਸੇ ਕਰਕੇ ਹੀ ਆਪ ਜੀ ਨੂੰ 'ਨਿਰੰਕਾਰੀ' ਸ਼ਬਦ ਨਾਲ ਸਤਿਕਾਰ ਨਾਲ ਪੁਕਾਰਿਆ ਜਾਂਦਾ ਸੀ। ਆਪ ਜੀ ਮਨੁਖੀ ਸਰੀਰ ਰਖਦਿਆਂ, ਇਸ ਵਿਚ ਕੰਮ ਕਰ ਰਹੀ ਨਿਰੰਕਾਰੀ ਜੋਤ ਤੇ ਸ਼ਕਤੀ ਦੇ ਪੂਰਨ ਗਿਆਤਾ, ਵਿਖਆਤਾ ਤੇ ਕਰਮਾਤਾਂ ਸਨ। ਉਹਨਾਂ ਦੀ ਦਿਬਦ੍ਰਿਸ਼ਟ ਜੀਵਨ ਪਲਟਾ ਦੇਂਦੀ ਸੀ, ਰਸਨਾ ਦੂਸਰੇ ਸੁਨਣ ਵਾਲੇ ਦੇ ਹਿਰਦੇ ਵਿਚ ਅੰਮ੍ਰਿਤ ਭਰ ਦੇਂਦੀ ਸੀ। ਉਹਨਾਂ ਦਾ ਜੀਵਨ ਅਗੰਮੀ ਛੋਹਾਂ ਦਾ ਭੰਡਾਰ ਸੀ। ਉਹਨਾਂ ਦੇ ਹੱਥਾਂ ਵਿਚ ਇਤਨੀ ਦੈਵਕ ਸ਼ਕਤੀ ਸੀ ਕਿ ਛੋਹ ਪੱਥਰ ਨੂੰ ਵੀ ਮੋਮ ਬਣਾ ਦਿੰਦੀ ਸੀ। ਉਨ੍ਹਾਂ ਦੇ ਚਰਣ-ਕੰਵਲਾਂ ਵਿਚ ਕੁਦਰਤ ਆਪ ਨਿਵਾਸ ਕਰਦੀ ਸੀ, ਜਿਹੜੀ ਮਕੇ ਨੂੰ ਵੀ ਭੁਵਾ ਸਕਦੀ ਸੀ। ਇਸੇ ਕਰਕੇ ਹੀ ਆਪ ਜੀ ਨੂੰ ਜੁਗ ਦੀ ਸਭ ਤੋਂ ਵਡੀ ਵਿਅਕਤੀ ਕਹਿਆ ਜਾ ਸਕਦਾ ਹੈ। ਜਿਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਨੇ ਫਰਮਾਇਆ ਹੈ 'ਸਭ ਤੇ ਵਡਾ ਸਤਿਗੁਰ ਨਾਨਕ ਜਿਨ ਕਲ ਰਾਖੀ ਮੇਰੀ'।

ਗੁਰੂ ਸਾਹਿਬ ਜੀ ਦੇ ਚਿਰੰਤ੍ਰ ਰੂਪ ਦੇ ਸਬੰਧ ਵਿਚ ਭਾਈ ਗੁਰਦਾਸ ਜੀ ਲਿਖਦੇ ਹਨ—ਕਲਿ ਤਾਰਨ ਗੁਰ ਨਾਨਕ ਆਇਆ। ਗੁਰੂ ਨਾਨਕ ਸਾਹਿਬ ਜਗਤ ਵਿਚ


www.AKJ.org

ਕਿਉਂ ਆਏ, ਇਸ ਲਈ ਕਿ ਇਥੇ ਸ੍ਰਿਸ਼ਟੀ ਦੇ ਸਾਰੇ ਲੋਕਾਂ ਦੇ ਹਿਰਦਿਆਂ ਵਿਚ ਅਕਾਲ ਦੀ ਥਾਂ ਕਲਾ ਵਸ ਰਹੀ ਸੀ। ਇਸ ਕਲਾ ਦੀ ਅਗਨੀ ਨਾਲ ਸਾਰੀ ਪ੍ਰਿਥਵੀ ਜਲ ਰਹੀ ਸੀ, ਜਿਸ ਨੂੰ ਤਾਰਨ ਲਈ ਆਪ ਇਸ ਜਗ ਵਿਚ ਆਏ। ਉਹਨਾਂ ਦੇ ਲੋਕਾਂ ਨੂੰ ਤਾਰਨ ਦਾ ਦਾਇਰਾ ਕੀ ਸੀ। ਸਿਰਫ਼ ਪੰਜਾਬ ਭਾਰਤ ਜਾਂ ਏਸ਼ੀਆ ਨਹੀਂ ਸਗੋਂ ਧਰਤੀ ਦੇ ਸਾਰੇ ਲੋਕਾਂ ਨੂੰ ਬਗੈਰ ਕਿਸੇ ਵਿਤਕਰੇ ਦੇ ਤਾਰਨ ਦਾ ਉਹਨਾਂ ਬੀੜਾ ਚੁਕਿਆ। ਪ੍ਰਿਥਵੀ ਦੇ ਲੋਕਾਂ ਨੂੰ ਤਾਰਨ ਵਿਚ ਉਹ ਕੀ ਸਾਬਤ ਹੋਏ। ਪਰਮਾਰਥ ਪੱਖ ਵਿਚ ਮੁਸਲਮਾਨੀ ਵਿਚਾਰ ਧਾਰਾ ਅਨੁਸਾਰ ਉਹ ਜ਼ਾਹਰੇ ਪੀਰ ਦਿਸੇ ਤੇ ਹਿੰਦੂਆ ਲਈ ਉਹ ਜਗਤ ਗੁਰੂ ਸਨ। ਵਿਵਹਾਰਕ ਪੱਖ ਵਿਚ ਆਪ ਜੀ ਸਾਰੇ ਜਗਤ ਦੇ ਬਾਬੇ ਸਨ ਤੇ ਸਾਰਿਆਂ ਨੂੰ ਬਗੈਰ ਕਿਸੇ ਪਖ-ਪਾਤ ਦੇ ਪਿਆਰ ਕਰਦੇ ਸਨ, ਜਿਸ ਤਰਾਂ ਇਕ ਟੱਬਰ ਵਿਚ ਸਭ ਤੋਂ ਵਡੀ ਉਮਰ ਦਾ ਬਜ਼ੁਰਗ ਬਾਬਾ ਆਪਣੇ ਪੁਤਾਂ ਪੋਤਰਿਆਂ ਤੇ ਘਰ ਦੇ ਸਭ ਜੀਆਂ ਨੂੰ ਪਿਆਰ ਕਰਦਾ ਤੇ ਸਭ ਦਾ ਖਿਆਲ ਰਖਦਾ ਹੈ।

ਫ਼ਰਖਸੀਅਰ ਦੇ ਮੁਨਸ਼ੀ ਮੌਲਵੀ ਗੁਲਾਮ ਅਲੀ ਦੀ ਲਿਖਤ ਅਨੁਸਾਰ ਗੁਰੂ ਨਾਨਕ ਸਾਹਿਬ ਬਹੁਤ ਸੋਹਣੇ, ਮਿਠ ਬੋਲੇ ਤੇ ਸਦਾ ਹਸੂੰ ਹਸੂੰ ਕਰਦੇ ਸਨ। ਉਹਨਾਂ ਦਾ ਨਿਜੀ ਜੀਵਨ ਏਨਾ ਪ੍ਰਭਾਵਸ਼ਾਲੀ ਸੀ ਕਿ ਜੋ ਕੋਈ ਵੀ ਉਹਨਾਂ ਦੇ ਨੇੜੇ ਆਉਂਦਾ ਉਹ ਉਹਨਾਂ ਦਾ ਸ਼ਰਧਾਲੂ ਬਣ ਜਾਂਦਾ। ਉਹਨਾਂ ਦੇ ਵਿਅਕਤਿਤਵ ਦੇ ਕਈ ਪੱਖ ਸਨ ਤੇ ਉਹਨਾਂ ਨੇ ਜਗਤ ਨੂੰ ਤਾਰਨ ਤੋਂ ਛੁਟ ਭਾਰਤੀ ਧਰਮ, ਦਰਸ਼ਨ ਤੇ ਰਾਸ਼ਟ੍ਰੀਯਵਾਦ ਦੀਆਂ ਨਵੀਆਂ ਨੀਂਹਾਂ ਰਖੀਆਂ। ਉਹ ਇਕ ਸਚੇ ਗੁਰੂ ਸਨ। ਉਹਨਾਂ ਨੇ ਪਿਆਰ, ਸੇਵਾ ਤੇ ਭਗਤੀ ਦੇ ਮਾਰਗ ਨੂੰ ਥਾਂ ਥਾਂ ਪਹੁੰਚਾਉਣ ਦਾ ਯਤਨ ਕੀਤਾ ਤੇ ਸਭ ਮਨੁਖਾਂ ਨੂੰ ਅਧਿਆਤਮਕ ਜੀਵਨ ਬਤੀਤ ਕਰਨ ਵਾਸਤੇ ਪ੍ਰੇਰਨਾ ਕੀਤੀ। ਉਹ ਸਹੀ ਅਰਥਾਂ ਵਿਚ ਭਾਰਤ ਦੇ ਪਹਿਲੇ ਧਰਮ-ਪ੍ਰਚਾਰਕ ਸਨ ਜਿਨ੍ਹਾਂ ਨੇ ਭਾਰਤ ਤੋਂ ਬਾਹਰ ਦੂਸਰੇ ਦੇਸਾਂ ਜਾਕੇ ਪ੍ਰਚਾਰ ਕੀਤਾ। ਉਹਨਾਂ ਦੀ ਸਿਖਿਆ ਕਿਸੇ ਖਾਸ ਸਮੇਂ ਵਾਸਤੇ ਨਹੀਂ ਸੀ। ਉਹਨਾਂ ਦਾ ਦੈਵੀ ਉਪਦੇਸ਼ ਸਦਾ ਜੀਉਂਦਾ ਰਹੇਗਾ। ਉਹ ਜੋਗੀ ਵੀ ਸਨ ਤੇ ਗ੍ਰਹਿਸਥੀ ਵੀ। ਇਕ ਜੋਗੀ ਵਾਂਗ ਉਹਨਾਂ ਦੀ ਸੁਰਤ ਸਦਾ ਵਾਹਿਗੁਰੂ ਨਾਲ ਜੁੜੀ ਰਹਿੰਦੀ ਸੀ। ਉਹ ਦੁਨੀਆਂ ਵਿਚ ਰਹਿੰਦੇ ਹੋਏ ਵੀ ਦੁਨੀਆਂ ਵਿਚ ਖਚਤ ਨਹੀਂ ਹੋਏ। ਪਹਿਲੋਂ ਪ੍ਰਵਿਰਤੀ ਤੇ ਨਵਿਰਤੀ ਦੋ ਅੱਡ ਅੱਡ ਮਾਰਗ ਸਨ। ਗੁਰੂ ਜੀ ਨੇ ਇਹਨਾਂ ਦਾ ਸੁਮੇਲ ਕਰ ਕੇ, ਸਰਲ ਤੇ ਸਪਸ਼ਟ ਉਪਦੇਸ਼ਾਂ ਰਾਹੀਂ ਜਨ-ਸਾਧਾਰਨ ਲਈ ਰੱਬੀ ਪਿਆਰ ਤੇ ਮੁਕਤੀ ਦਾ ਦਰ ਖੋਲ੍ਹ ਦਿਤਾ, ਜਿਸ ਰਾਹੀਂ ਸਿਖ ਦੁਨੀਆਂ ਦੇ ਸੁਖ ਮਾਣਦਾ ਹੋਇਆ ਵੀ ਸੰਤ ਦਾ ਜੀਵਨ ਬਤੀਤ ਕਰ ਸਕਦਾ ਹੈ। ਉਹ ਇਕ ਅਦੁਤੀ ਸੁਧਾਰਕ ਸਨ ਜਿਨ੍ਹਾਂ ਨੇ ਸਮਾਜ ਨੂੰ ਹਰ ਪੱਖ ਤੋਂ ਸਵਾਰਨਾ ਚਾਹਿਆ, ਉਨ੍ਹਾਂ ਨੇ ਅਧਿਆਤਮਕ ਅਗਿਆਨਤਾ ਨੂੰ ਦੂਰ ਕਰਨ ਲਈ ਦਸਿਆ ਕਿ ਰੱਬ ਇਕ ਹੈ ਤੇ ਉਸ ਦੀ ਪਰਾਪਤੀ ਕੇਵਲ ਨਾਮ ਜਪਣ ਤੇ ਸੁਭ ਕਰਮ ਕਰਨ ਕਰਕੇ ਹੀ ਹੋ ਸਕਦੀ ਹੈ। ਰਾਜਨੀਤਕ ਤੇ ਆਰਥਕ ਅਨਿਆਏ ਨੂੰ ਵੀ ਭੰਡਿਆ। ਪ੍ਰੋਫੈਸਰ ਕਰਤਾਰ ਸਿੰਘ ਦੇ ਕੱਥਨ ਅਨੁਸਾਰ ਉਹ ਪਹਿਲੇ ਪਰਮ ਮਨੁਖ ਸਨ ਜਿਨ੍ਹਾਂ ਦੇ ਹਿਰਦੇ ਵਿਚ ਸੱਚੀ ਦੇਸ਼ ਭਗਤੀ ਦਾ ਜਜ਼ਬਾ ਠਾਠਾਂ ਮਾਰ ਰਹਿਆ ਸੀ। ਦੇਸ਼ ਤੇ ਕੌਮ ਦੀ ਦੁਰਦਸ਼ਾ ਨੂੰ ਵੇਖਕੇ ਉਨ੍ਹਾਂ ਦੇ ਹਿਰਦੇ ਤੇ ਸਟ ਵਜੀ ਤੇ ਉਨ੍ਹਾਂ ਨੇ ਮਹਿਸੂਸ ਕੀਤਾ, ਕਿ ਇਨ੍ਹਾਂ ਲੋਭੀ


www.AKJ.org

ਤਿਆਂ ਨੇ ਭਾਰਤ ਜਿਹੇ ਰਤਨ ਨੂੰ ਐਵੇਂ ਘਟੇ ਟੀ ਵਿੱਚ ਰੁਲਾ ਦਿਤਾ ਹੈ। ਇਸੇ ਤਰ੍ਹਾਂ ਉਹ ਬਰ ਦੇ ਅਤਿਆਚਾਰਾਂ ਨੂੰ ਵੀ ਭੰਡਿਆ ਸਗੋਂ ਰੱਬ ਵੀ ਮੇਹਣਾ ਮਾਰਨੋ ਨ ਰਹਿ ਸਕੇ। ਉਹ ਆਪਣੇ ਨੂੰ ਚੰਗਾ ਸਮਝਕੇ ਬਾਕੀ ਦੁਨੀਆਂ ਤੋਂ ਨਫਰਤ ਗੀਂ ਸਨ ਕਰਦੇ ਸਗੋਂ ਹਰ ਦੇਸ ਵਾਸਤੇ ਭਲਾ ਹੁੰਦੇ ਸਨ।

ਗੁਰੂ ਸਾਹਿਬ ਜੀ ਨੂੰ ਗਰੀਬ ਤੇ ਨੀਵੇਂ 'ਦਰਦ ਬਹੁਤ ਚੰਗੇ ਲਗਦੇ ਸਨ।' ਉਹ ਸਾਰੀਆਂ ਈਆਂ ਦਾ ਨਚੋੜ ਮਿਠਾਸ ਤੇ ਨਿੰਮ੍ਰਤਾ ਨੂੰ ਹੀ ਸ 'ਮਿਠਤ ਨੀਵੀ ਨਾਨਕਾ ਗੁਣ ਚੰਗਿਆਈਆ ਤ।' ਉਹ ਰੱਬ ਦੀ ਬਖਸ਼ਸ਼ ਨੂੰ ਗਰੀਬਾਂ ਦੀ ਸੇਵਾ ਚ ਵੇਖਦੇ ਹਨ।

ਉਨ੍ਹਾਂ ਦੀ ਉਚਰੀ ਬਾਣੀ ਚੌਹਾਂ ਵਰਨਾਂ ਤੇ ਾਸ਼ਰਮਾਂ ਲਈ ਸਾਂਝਾ ਉਪਦੇਸ਼ ਸਮੂਹ ਲੋਕਾਂ ਵਾਸਤੇ ਭਕਾਰੀ ਹੈ। ਉਹ ਸਾਧਾਰਨ, ਸਿਧਾ ਤੇ ਸਪਸ਼ਟ ਅਤੇ ਇਸ ਵਿਚ ਗਿਆਨ, ਭਗਤੀ ਤੇ ਕਰਮ ਸਮੇਲ ਹੈ। ਸਭ ਬਾਣੀ ਰਾਗਾਂ ਵਿਚ ਹੈ। ਉਨ੍ਹਾਂ ਉਪਦੇਸ਼ਾਂ ਨੂੰ ਹੇਠ ਲਿਖੇ ਅਨੁਸਾਰ ਸੰਖੇਪਤ ਕੀਤਾ ਸਕਦਾ ਹੈ।

੧. ਪ੍ਰਮਾਤਮਾ ਇਕ ਹੈ ਤੇ ਹਰ ਥਾਂ ਵਿਆਪਕ । ਉਸਨੂੰ ਜੰਗਲਾਂ ਪਹਾੜਾਂ ਵਿਚ ਨ ਲਭੋ ਇਹ ਨੁਖ ਦੇ ਹਿਰਦੇ ਦੀ ਧੜਕਣ ਵਿਚ ਹੈ, ਸਮਝੋ ਤੇ ਲਓ।

੨. ਅਸੀਂ ਸਭ ਇਕ (ਰੱਬ) ਪਿਤਾ ਦੇ ਪੁਤ੍ਰ ਾਂ। ਭੇਖਾਂ ਭਰਮਾਂ ਤੇ ਉਚ ਨੀਚ ਦੇ ਖਿਆਲਾਂ ਨੂੰ ਦ੍ਵੈਤ ੀ ਕੰਧ ਨੂੰ ਢਾਹ ਕੇ ਤੇ ਏਕਤਾ ਦੇ ਖੁਲੇ ਮੈਦਾਨ ਵਿਚ ਡੋ ਤੁਸੀਂ ਹੀ ਏਕੇ ਦਾ ਰੂਪ ਹੋ ਜਾਓਗੇ।

੩. ਮਾਇਆ ਨੂੰ ਅਗ ਜਾਂ ਸਰਪਨੀ ਸਮਝ ਕੇ, ਹਾੜਾਂ ਦੀਆਂ ਕੰਧਰਾਂ ਵਿਚ ਨ ਲੁਕ ਜਾਵੋ। ਏਹ ਰੇ ਮਾਲਕ ਦੀ ਅਤੁਟ ਬਖਸ਼ਸ਼ ਹੈ। ਇਸ ਨੂੰ ਤਿਕਾਰੋ ਤੇ ਵਰਤ ਕੇ ਮਾਲਕ ਦਾ ਧੰਨਵਾਦ ਕਰੋ। ਰ ਕਦੇ ਵੀ ਇਸ ਨੂੰ ਆਪਣੀ ਨ ਸਮਝੋ।

੪. ਪਰਮਾਤਮਾ ਨੇ ਤੁਹਾਨੂੰ ਇਸ ਜ਼ਿੰਦਗੀ ਦੇ ਸਫਰ ਨੂੰ ਪੂਰਾ ਕਰਨ ਲਈ ਇਕ ਸਾਥੀ (ਇਸਤ੍ਰੀ) ਦਿਤਾ ਹੈ, ਉਸ ਨੂੰ ਰਾਹ ਦਾ ਰੋੜਾ ਸਮਝਕੇ ਪੈਰਾਂ ਹੇਠ ਲਿਤਾੜ ਨ ਸੁਟੋ ਸਗੋਂ ਆਪਣੇ ਨਾਲ ਬੈਠਾਕੇ ਸਤਿਕਾਰੋਂ ਲਾਭ ਉਠਾਓ। ਇਹ ਤੁਹਾਡੇ ਦੁਖਾਂ ਨੂੰ ਘਟ ਕਰਕੇ ਤੁਹਾਡੇ ਘਰਾਂ ਨੂੰ ਰੱਬੀ ਦਾਤਾਂ ਤੇ ਖੁਸ਼ੀਆਂ ਨਾਲ ਭਰਪੂਰ ਕਰ ਦੇਵੇਗਾ।

੫. ਲੋਕੋ, ਜੇਕਰ ਪਾਪ ਤੇ ਔਗੁਣ ਤੁਹਾਡਾ ਪਿਛਾ ਨਹੀਂ ਛਡਦੇ ਤਾਂ ਤੁਸੀਂ ਗਰੀਬੀ ਦੀ ਤਲਵਾਰ ਤੇ ਨਿਮ੍ਰਤਾ ਦੀ ਢਾਲ ਪਹਿਨ ਲਓ, ਇਹ ਤੁਹਾਡੇ ਕੋਲ ਤਕ ਨਹੀਂ ਆਉਣਗੇ।

੬. ਮੈਨੂੰ ਤਰਲੋਕੀ ਦੀ ਬਾਦਸ਼ਾਹੀ ਤੇ ਮਨ ਚਾਹਤ ਭੋਗ ਚੰਗੇ ਨਹੀਂ ਲਗਦੇ। ਮੈਨੂੰ ਤਾਂ ਇਕ ਗਰੀਬ ਕਿਰਤੀ ਦੀ ਸੁਕੀ ਰੋਟੀ ਤੇ ਭਜੇ ਸੋਣਾਂ ਉਸ ਨਾਲੋਂ ਹਜ਼ਾਰ ਗੁਣਾਂ ਚੰਗਾ ਹੈ, ਕਿਉਂਕਿ ਉਸ ਅੰਦਰ ਮੈਨੂੰ ਮੇਰਾ ਪਿਆਰ ਨਜ਼ਰੀ ਆਉਂਦਾ ਤੇ ਮਾਲਕ ਦੀ ਯਾਦ ਆਉਂਦੀ ਹੈ।

੭. ਜੇਕਰ ਤੁਸੀਂ ਦੁਖਾਂ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹੋ ਤਾਂ ਆਪਣੇ ਚੋਂ ਹਉਮੈ ਤੇ ਅਪਣਤ ਦੇ ਕੰਡੇ ਨੂੰ ਪ੍ਰਭੂ ਭਗਤੀ ਦੀ ਸੂਈ ਨਾਲ ਕਢ ਦੇਵੋ।

੮. ਜੇਕਰ ਤੁਸੀਂ ਸਚੀ ਉਨਤੀ ਕਰਨਾ ਚਾਹੁੰਦੇ ਹੋ ਤਾਂ ਦੁਨੀਆਂ ਵਲੋਂ ਅੰਨ੍ਹੇ ਹੋ ਜਾਓ ਅਤੇ ਪ੍ਰਭੂ ਰਜ਼ਾ ਦੀ ਡੋਰੀ ਫੜ ਕੇ ਸਾਈਂ ਦੇ ਦਰ ਤੋਂ ਬਖ਼ਸ਼ਸ਼ ਦਾ ਖ਼ੈਰ ਮੰਗੋ।


੯. ਮੇਰੇ ਮਾਲਕ ਜੇ ਤੂੰ ਤੁਠਾ ਹੈਂ ਤਾਂ ਮੈਨੂੰ ਮਨ ਦੀ ਗਰੀਬੀ ਦਾ ਦਾਨ ਦੇ, ਤੇ ਵਰ ਬਖ਼ਸ਼ ਕਿ ਮੇਰੀ ਸਾਰੀ ਆਯੂ ਖ਼ਲਕਤ ਦੀ ਸੇਵਾ ਵਿਚ ਗੁਜ਼ਰੇ ਤੇ ਤੂੰ ਮੈਨੂੰ ਇਕ ਛਿਨ ਵੀ ਨ ਵਿਸਰੇਂ।

੧੦. ਮੇਰੇ ਪਿਆਰੇ ਦੀ ਦਰਗਾਹ ਵਿਚ ਉਹੋ ਹੀ ਕਬੂਲੇ ਜਾਣਗੇ, ਜਿਨ੍ਹਾਂ ਨੇ ਆਪਣੀ ਜ਼ਿੰਦਗੀ ਉਸ ਸਿਕੇ ਵਾਂਗ ਬਣਾਈ ਹੋਵੇ, ਜਿਹੜਾ ਪ੍ਰੇਮ ਦੀ ਅੱਗ ਵਿਚ ਸ਼ੁਧ ਹੋਕੇ ਬੁਧੀ ਦੀ ਆਹਰਣ ਉਤੇ ਦੁਨਿਆਵੀ ਤਕਲੀਫ਼ਾਂ ਦੀਆਂ ਸੱਟਾਂ ਨਾਲ ਘੜਿਆ, ਤੇ ਗੁਰੂ ਉਪਦੇਸ਼ ਦੇ ਸਾਂਚੇ ਵਿਚ ਢਲਿਆ ਹੋਵੇ।


www.AKJ.Org

# ਖਾਲਸਾ ਹਾਇਰ ਸੈਕੰਡਰੀ ਸਕੂਲ, ਗੜ੍ਹਦੀਵਾਲਾ (ਹੁਸ਼ਿਆਰਪੁਰ)

(ਸੰਗੀਤ ਕਲਾਸ)



ਖਾਲਸਾ ਹਾਇਰ ਸੈਕੰਡਰੀ ਸਕੂਲ ਗੜ੍ਹਦੀਵਾਲਾ (ਹੁਸ਼ਿਆਰਪੁਰ) ਵਿਖੇ ਮਾਸਟਰ ਜੀ ਨੇ ੧੬ ਤੇ ੧੬੦ ਸਿਖਸ਼ਾਰਥੀਆਂ ਦੇ ਦੋ ਗਰੁਪ ਤਿਆਰ ਕੀਤੇ। ਉਪਰਲੀ ਫੋਟੋ ਵਿਚ ਸਕੂਲ ਕੰਪਾਊਂਡ ਵਿਚ ਸਿਖਸ਼ਾਰਥੀ ਕੀਰਤਨ ਕਰ ਰਹੇ ਹਨ। ਇਸ ਦਾ ਸਿਹਰਾ ਸ: ਠਾਕਰ ਸਿੰਘ ਜੀ ਪ੍ਰਿੰਸੀਪਲ ਸਾਹਿਬ ਦੇ ਸਿਰ ਹੈ, ਜੋ ਪਹਿਲੀ ਪਾਲ ਵਿਚ ਸਭ ਤੋਂ ਛੇਕੜ ਬੈਠੇ ਹਨ।

ਹੁਣ ਮਾਸਟਰ ਜੀ, ਝਾਂਸੀ ਵਿਖੇ ੪ ਸੰਗੀਤ ਕਲਾਸਾਂ ਜਿਨ੍ਹਾਂ ਵਿਚ ੬੪ ਵਿਦਿਆਰਥੀ ਹਨ ੨੧-੯-੬੯ ਤੋਂ ਚਲਾ ਰਹੇ ਹਨ। ਪ੍ਰੋਗ੍ਰਾਮ ਦੀ ਸਮਾਪਤੀ ਨਵੰਬਰ ਦੇ ਅਧ ਵਿਚ ਹੋਵੇਗੀ। ਫੀਸ ਕੋਈ ਨਹੀਂ ਤੇ ਆਸਾ ਦੀ ਵਾਰ ਦੀਆਂ ਸੈਂਚੀਆਂ ਮੁਫਤ ਦਿਤੀਆਂ ਜਾਂਦੀਆਂ ਹਨ। ਇਜੇਹੇ ਪ੍ਰੇਮ ਦੀ ਸੇਵਾ ਦੀ ਮੰਗ ਸੂਰਾ, ਪਟਿਆਲਾ ਰਾਹੀਂ ਕੀਤੀ ਜਾ ਸਕਦੀ ਹੈ।

ਖੁਸ਼ੀ ਦੀ ਗਲ ਹੈ ਕਿ ਸ੍ਰੀਮਤੀ ਅਨੰਦ ਕੌਰ ਜੀ ਨੇ ਸਤੰਬਰ ਦੇ ਅੰਤ ੧੫ ਵਿਦਿਆਰਥੀਆਂ ਨਾਲ ਪੰਜਾਬੀ ਲਿਪੀ ਦੇ ਪਰਚਾਰ ਲਈ ਕਲਾਸ ਸ਼ੁਰੂ ਕੀਤੀ ਉਤਸ਼ਾਹ ਗੁਰੂ ਨੇ ਇਤਨਾਂ ਪਰਦਾਨ ਕੀਤਾ ਕਿ ਅਜ ੧੫-੧੦-੬੯ ਨੂੰ ਵਿਦਿਆਰਥੀਆਂ ਦੀ ਸੰਖਿਆ ਵਧ ਦੇ ੮੮ ਹੋ ਗਈ ਹੈ ਜਿਨ੍ਹਾਂ ਦੀ ਸੇਵਾ ਦੋ ਸੈਕਸ਼ਨਾਂ ਵਿਚ ਵੰਡ ਕੇ ਕੀਤੀ ਜਾ ਰਹੀ ਹੈ।

ਝਾਂਸੀ ਦੇ ਸਾਰੇ ਇਨਤਜ਼ਾਮ ਦਾ ਸਿਹਰਾ ਸ: ਜੀਵਨ ਸਿੰਘ (ਸਕਤਰ ਸਿੰਘ ਸਭਾ ਝਾਂਸੀ) ਤੇ ਉਨ੍ਹਾਂ ਦੀ ਸੁਪਤਨੀ ਸ੍ਰੀਮਤੀ ਹਰਬੰਸ ਕੌਰ ਦੇ ਸਿਰ ਹੈ।

www.AKJ.Org

# * ਗੁਰੂ ਨਾਨਕ ਦੀ ਯਾਦ ਵਿਚ *

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪੰਜ ਸਿੰਘਾਂ ਦੀ ਅਸ਼ੀਰਵਾਦ ਨਾਲ 'ਸੂਰਾ' ਮਾਸਕ ਪੱਤਰ ਫ਼ਰਵਰੀ-੬੬ ਤੋਂ ਪ੍ਰਕਾਸ਼ਤ ਹੋਣਾ ਅਰੰਭ ਹੋਇਆ ਸੀ।

ਦੋ ਸਾਲ ਪਿਛੋਂ ਸੂਰਾ ਪ੍ਰੈਸ ਵੀ ਲਗ ਗਿਆ।

ਹੁਣ ਨਾਨਕ ਪਾਤਸ਼ਾਹ ਦੇ ਪੰਜ ਸੌ ਸਾਲਾ ਪ੍ਰਕਾਸ਼ ਉਤਸ਼ਵ ਦੀ ਖੁਸ਼ੀ ਵਿਚ ਫ਼ਰਵਰੀ ੧੯੭੦ ਤੋਂ ਸੰਗਤਾਂ ਦਾ 'ਸੂਰਾ' ਪੰਦ੍ਰਵਾੜਾ ਬਣ ਕੇ ਗੁਰੂ ਪੰਥ ਦੀ ਸੇਵਾ ਕਰੇਗਾ।

ਗੁਰੂ ਰੂਪ ਪੰਜਾਂ ਪਿਆਰਿਆਂ ਨੇ ਵਿਸਾਖੀ ੬੯ ਦੇ ਸਮਾਗਮ ਲੁਧਿਆਣੇ ਤੇ ਇਕ ਹੁਕਮਨਾਮਾ ਐਲਾਨਿਆ ਸੀ ਜਿਸ ਵਿਚ ਹਰ ਸਿੰਘ ਨੂੰ ਸੂਰਾ ਦੇ ਪਾਠਕ ਬਣਨ ਦਾ ਹੁਕਮ ਕੀਤਾ ਸੀ।

ਇਸ ਲਈ ਸਰਬੱਤ ਗੁਰੂ ਪਿਆਰਿਆਂ ਦਾ ਫ਼ਰਜ਼ ਹੈ ਕਿ ਆਪਣੇ 'ਸੂਰਾ' ਦੇ ਵਧ ਤੋਂ ਵਧ ਪਾਠਕ ਬਣਵਾ ਕੇ ਸਹਿਯੋਗ ਦਿਓ ਤਾਂ ਜੋ ਇਹ ਸੂਰਾ ਸਚਮੁਚ ਸੂਰਮਾਂ ਬਣ ਕੇ ਦੇਸ਼ ਕੌਮ ਦੀ ਅਗਵਾਈ ਕਰ ਸਕੇ।

* ਸੂਰਾ ਪੰਦਰਵਾੜਾ ਦਾ ਸਾਲਾਨਾ ਚੰਦਾ *

ਦੇਸ਼ ੧੨) ਰੁ: ਪ੍ਰਦੇਸ ਸਮੁੰਦਰੀ ਡਾਕ ੨੦) ਰੁ:

ਪਰਦੇਸ ਹਵਾਈ ਡਾਕ ੬੦) ਰੁ: ਲਾਈਫ਼ ਮੈਂਬਰ ੨੫੦) ਰੁ:

www.AKJ.Org